# ਮਿੱਟੀ ਦਾ ਮੁੱਲ

---

**ਓਮ ਪ੍ਰਕਾਸ਼ ਗਾਸੋ** ਦੇ ਏਸੇ ਨਾਮ ਦੇ ਨਾਵਲ 'ਤੇ ਆਧਾਰਿਤ

***ਪਾਤਰ***

ਮਿਲਖੀ
ਸ਼ੀਲੋ
ਕਿਸ਼ਨ
ਰਾਮਾ
ਮਿੰਦੋ
ਚੂਹੜ ਸਿੰਘ
ਨੰਬਰਦਾਰ

# ਮਿੱਟੀ ਦਾ ਮੁੱਲ

[ਕਿਸ਼ਨ ਸਿੰਘ ਮਾਸਟਰ ਮੰਜੀ ਉੱਤੇ ਬੈਠਾ ਹੈ। ਕੋਲ ਹੀ ਮਿਲਖੀ ਹੈ। ਸ਼ੀਲੋ ਇਕ ਪਾਸੇ ਘਰ ਦਾ ਕੋਈ ਕੰਮ ਕਰ ਰਹੀ ਹੈ। ਰਾਮੂ ਪੱਗ ਪਿਆ ਲਪੇਟਦਾ ਹੈ, ਜਿਸ ਤਰ੍ਹਾਂ ਕਿਧਰੇ ਜਾਣ ਦੀ ਤਿਆਰੀ ਵਿਚ ਹੈ।]

ਕਿਸ਼ਨ : ਚਾਚਾ...ਕੋਈ ਬਾਤ ਸੁਣਾ।

ਮਿਲਖੀ : ਓਏ ਭਰਾਵਾ, ਤੂੰ ਸਾਡੀ ਬਾਤ ਸੁਣ ਕੇ ਕੀ ਕਰੇਂਗਾ ? ਬਾਤ ਤਾਂ ਹੁੰਦੀ ਏ ਵੱਡੇ ਬੰਦਿਆਂ ਦੀ...ਅਮੀਰ ਬੰਦਿਆਂ ਦੀ।

ਕਿਸ਼ਨ : ਕਿਉਂ ਚਾਚਾ ਗਰੀਬ ਬੰਦੇ ਨਹੀਂ ਹੁੰਦੇ ?

ਮਿਲਖੀ : ਹੁੰਦੇ ਆ...ਪਰ ਉਨ੍ਹਾਂ ਦੀ ਬਾਤ ਕਾਹਦੀ...ਮਿੱਟੀ ਵਿਚ ਜੰਮੇ, ਮਿੱਟੀ ਵਿਚ ਖੇਡੇ, ਮਿੱਟੀ ਵਿਚ ਵੱਡੇ ਹੋਏ ਤੇ ਫੇਰ ਮਿੱਟੀ ਹੋ ਗਏ...ਨਾ ਮਿੱਟੀ ਦਾ ਕੋਈ ਮੁੱਲ ਤੇ ਨਾ ਹੀ ਕੋਈ ਕਹਾਣੀ।

ਕਿਸ਼ਨ : ਮਿੱਟੀ ਦਾ ਬੜਾ ਮੁੱਲ ਏ...ਚਾਚਾ ਜੇ ਕੋਈ ਸਮਝੇ...ਧਰਤੀ ਉੱਤੇ ਜੋ ਕੁਝ ਖਲੋਤਾ ਏ...ਉਹ ਮਿੱਟੀ 'ਤੇ ਹੀ ਖਲੋਤਾ ਏ।

ਰਾਮਾ : ਬਾਪੂ ਨੂੰ ਮਿੱਟੀ ਦੇ ਮੁੱਲ ਦਾ ਕੀ ਪਤਾ ?

ਮਿਲਖੀ : ਲੈ ਜੇ ਘੁਮਿਆਰਾਂ ਨੂੰ ਮਿੱਟੀ ਦੇ ਮੁੱਲ ਦਾ ਨਹੀਂ ਪਤਾ ਹੋਣਾ ਤਾਂ ਹੋਰ ਕਿਸ ਨੂੰ ਹੋਵੇਗਾ ? ਸਾਰੀ ਉਮਰ ਇਸੇ ਮਿੱਟੀ ਨਾਲ ਕੱਟੀ ਏ...ਅੱਖਾਂ ਮੀਟ ਕੇ...ਵਾਸ਼ਨਾ ਲੈ ਕੇ ਦੱਸ ਦਈਏ ਕਿ ਕਾਲੀ ਕਿਹੜੀ ਏ, ਪੀਲੀ ਕਿਹੜੀ ਏ, ਸੁੱਕ ਕਿਹੜੀ ਏ, ਪਾਂਡੂ ਮਿੱਟੀ ਉਹਦੀ ਤਾਂ ਬਾਤ ਹੀ ਆਪਣੀ ਏ।

ਸ਼ੀਲੋ : ਵੀਰਾ...ਤੂੰ ਆਪਣੇ ਵੱਡੇ ਵਡੇਰਿਆਂ ਕੋਲੋਂ ਪੁੱਛੀ...ਅਸੀਂ ਜਦੋਂ ਇਥੇ ਆਏ ਤਾਂ ਮਿੱਟੀ ਵੇਚ ਕੇ ਹੀ ਗੁਜ਼ਾਰਾ ਕਰਦੇ ਸੀ...ਆਪਣੇ ਦੋ ਖੋਤਿਆਂ ਦੇ ਬੋਰਿਆਂ 'ਚ ਕਦੀ ਕਾਲੀ ਮਿੱਟੀ, ਕਦੀ ਪੀਲੀ ਮਿੱਟੀ, ਕਦੀ ਪਾਂਡੂ, ਕਦੀ ਸੁੱਕ ਪਾ ਕੇ ਦੋ ਚਾਰ ਆਨਿਆਂ ਵਿਚ ਵੇਚਦੇ ਸੀ...ਕਿਥੇ ਰਹਿ ਗਏ ਉਹ ਦਿਨ ?

ਮਿਲਖੀ : ਉਨ੍ਹਾਂ ਦਿਨਾਂ ਵਿਚ ਇਕ ਆਨੇ 'ਚ ਕਿਆ ਬਰਕਤ ਹੁੰਦੀ ਸੀ।

ਸ਼ੀਲੋ : ਹੁਣ ਤਾਂ ਬੁੱਕ ਰੁਪਿਆਂ ਦੀ ਖਰਚੋ ਤਾਂ ਵੀ ਉਸ ਆਨੇ ਜਿੰਨਾ ਨਾ ਸਰੇ।

ਮਿਲਖੀ : ਗਰੇਜਾਂ ਸਹੁਰਿਆਂ ਦਾ ਰਾਜ ਚੰਗਾ ਸੀ...ਕਿਆ ਦਿਨ ਸਨ ਉਹ...

ਇਹ ਰਾਮੂ ਨਿੱਕਾ ਜਿਹਾ ਸੀ, ਮੇਰੇ ਮੋਢੇ 'ਤੇ ਛੋਟੀ ਜਿਹੀ ਕਹੀ ਤੇ ਹੱਥ ਵਿਚ ਡੰਡਰੋਕਾ ਤੇ ਬਹੁਤ ਵਾਰ ਰਿਹਾੜ 'ਚ ਪਿਆ ਇਹ ਜੁਆਕ ਹਿੱਬੜ-ਹਿੱਬੜ ਕਰਦਾ ਮੇਰੇ ਮਗਰ ਹੁੰਦਾ।

ਕਿਸ਼ਨ : ਹੁਣ ਤਾਂ ਰਾਮੂ...ਚਾਚਾ ਹੋਰ ਦਾ ਹੋਰ ਹੋ ਗਿਆ ਏ।

ਮਿਲਖੀ : ਉਏ ਕਿਸ਼ਨੀ ਇਹ ਨਲੀ ਚੋਚੋ ਸਿਰ 'ਤੇ ਗੂੜ੍ਹੇ ਲਾਲ, ਪੀਲੇ, ਨੀਲੇ ਰੰਗ ਦਾ ਟੋਪਾ ਲਈ ਜੇਬ 'ਚ ਸੁੱਕੀ ਰੋਟੀ ਦਾ ਟੁੱਕ ਪਾਈ ਗਧਿਆਂ ਮਗਰ ਟਿਚਕਾਰੀਆਂ ਮਾਰਦਾ ਤੁਰਦਾ ਰਹਿੰਦਾ।

ਰਾਮਾ : ਬਾਪੂ ਦਾ ਕਿਹਾ ਮੈਂ ਮੰਨਦਾ ਤਾਂ ਹੁਣ ਵੀ ਇਸੇ ਤਰ੍ਹਾਂ ਗਧੇ ਹੀ ਹਿੱਕਣੇ ਸੀ।

ਮਿਲਖੀ : ਤੇ ਹੁਣ ਸਹੁਰਿਆ ਕਿਹੜਾ ਡਿਪਟੀ ਲੱਗ ਗਿਆ ਏਂ ?

ਕਿਸ਼ਨ : ਚਾਚਾ ਬੰਦੇ ਨੂੰ ਜਦੋਂ ਆਪਣਾ ਮੁੱਲ ਪਤਾ ਲੱਗ ਜਾਏ ਤਾਂ ਉਹ ਡਿਪਟੀ ਤੋਂ ਘੱਟ ਨਹੀਂ ਹੁੰਦਾ।

ਰਾਮਾ : ਬਾਪੂ ਨੂੰ ਬੰਦੇ ਦੇ ਮੁੱਲ ਦਾ ਕੀ ਪਤਾ ਲੱਗਣਾ ਹੋਇਆ...ਖੋਤੇ ਦੀ ਜੂਨ ਚਲੇ ਜਾਣਾ।

ਮਿਲਖੀ : ਖੋਤਿਆਂ ਦਾ ਮੁੱਲ ਵੀ ਪੁੱਤਰਾਂ ਅਸੀਂ ਘੁਮਿਆਰ ਹੀ ਜਾਣਦੇ ਹਾਂ... ਖੋਤੇ ਵਰਗਾ ਅਸੀਲ ਜੀਵ ਕੋਈ ਨਹੀਂ।

ਰਾਮਾ : ਤੇ ਘੁਮਿਆਰਾਂ ਵਰਗਾ ਅਸੀਲ ਕੋਈ ਖੋਤਾ ਨਹੀਂ।

ਮਿਲਖੀ : ਤੂੰ ਸਹੁਰਿਆ ਮੇਰੀ ਹਰ ਗੱਲ ਟੋਕੇਂਗਾ।

ਰਾਮਾ : ਬਾਪੂ ਸਦੀਆਂ ਦੀ ਗੁਲਾਮੀ ਤੇ ਗਰੀਬੀ ਬੰਦੇ ਨੂੰ ਖੋਤਾ ਬਣਾ ਦੇਂਦੀ ਏ।

ਮਿਲਖੀ : ਓਏ ਬੰਦਿਆ...ਸਾਡਾ ਸਾਰਾਜੀਵਨ ਖੋਤਿਆਂ ਦੇ ਸਹਾਰੇ ਹੀ ਚਲਦਾ ਰਿਹਾ।

ਸ਼ੀਲੋ : ਵੇ ਪੁੱਤ ਤੂੰ ਆਪਣੇ ਬਾਪੂ ਦੀ ਗੱਲ ਨਾ ਕਰ...ਖੋਤੀ ਜਾਤ ਨਾਲ ਤਾਂ ਤੇਰੇ ਬਾਪੂ ਦਾ ਖ਼ਾਸ ਮੋਹ ਰਿਹਾ ਹੈ।

ਮਿਲਖੀ : ਲੈ ਹੋਰ ਬੋਲੀ ਆ...ਆਪਣੀ ਜਾਤ ਪਛਾਣ ਕੇ।

ਸ਼ੀਲੋ : ਜਾਤ ਕੋਈ ਮੈਂ ਪਿੱਛੋਂ ਤਾਂ ਨਹੀਂ ਲਿਆਈ...ਤੀਵੀਂ ਦਾ ਕੀ ਏ... ਜਿਹੜੀ ਜਾਤ ਦੇ ਮਰਦ ਨਾਲ ਉਹਦਾ ਵਾਹ ਪੈ ਗਿਆ, ਉਹੀ ਜਾਤ ਉਹਦੀ ਵੀ ਬਣ ਗਈ।

ਰਾਮਾ : ਚੱਲ ਬਾਈ ਆਪਾਂ ਹੁਣ ਚਲੀਏ...ਮਾਂ ਤੇ ਬਾਪੂ ਦਾ ਭੇੜ ਛਿੜ ਗਿਆ ਏ...ਇਹ ਹੁਣ ਸਾਰਾ ਦਿਨ ਚੱਲੇਗਾ।

ਮਿਲਖੀ : ਕਿਥੇ ਦੀ ਅੱਜ ਤਿਆਰੀ ਕੱਸ ਲਈ ਤੈਂ...ਇਕ ਫੇਰਾ ਲਈ ਆਂਦਾ ਤਾਂ ਮੈਂ ਮਿੱਟੀ ਗਿੱਲੀ ਕਰ ਰੱਖਦਾ...ਸਾਝਰੇ ਕੁਝ ਗਮਲੇ ਬਣਾ ਲੈਂਦਾ।

ਰਾਮਾ : ਬਾਪੂ ਅੱਜ ਵਿਹਲ ਨਹੀਂ।

ਕਿਸ਼ਨ : ਚਾਚਾ ਅੱਜ ਪਿੰਡ ਦੀ ਸਭਾ ਬੁਲਾਈ ਏ।

ਮਿਲਖੀ : ਕਾਹਦੀ ਸਭਾ ?

ਕਿਸ਼ਨ : ਕਈ ਮਾਮਲੇ ਨੇ...ਤੇ ਇਕ ਮਾਮਲਾ ਪੰਚਾਇਤ ਚੋਣਾਂ ਦਾ ਵੀ ਏ।

ਮਿਲਖੀ : ਵੀਰਾ...ਤੂੰ ਜੋ ਮਰਜ਼ੀ ਕਰ, ਪਰ ਇਸ ਰਾਮੇ ਨੂੰ ਵਿਚ ਨਾ ਪਾ...ਅੱਗੇ ਹੀ ਲੰਬੜ ਉਲ੍ਹਾਮਾ ਦੇਂਦਾ ਸੀ।

ਰਾਮਾ : ਲੰਬੜ ਇਥੇ ਖ਼ੁਦਾ ਲੱਗਿਆ ਹੋਇਆ ਏ ?

ਮਿਲਖੀ : ਓਏ ਸਾਡੇ ਗਰੀਬਾਂ ਵਾਸਤੇ ਖ਼ੁਦਾ ਹੀ ਏ...ਸਰਕਾਰੇ ਦਰਬਾਰੇ ਉਹਦੀ ਪਹੁੰਚ ਏ...ਐਵੇਂ ਕੋਈ ਰੇੜਕਾ ਚੁੱਕ ਦੇਊ।

ਕਿਸ਼ਨ : ਇਹ ਰੇੜਕਾ ਮੁਕਾਉਣ ਦਾ ਹੀ ਉਪਾਅ ਸੋਚਣਾ ਏ...ਉਹਨੇ ਤੇ ਉਹਦੇ ਵੈਲੀ ਪੁੱਤ ਨੇ ਬੜਾ ਫਤੂਰ ਚੁੱਕਿਆ ਹੋਇਆ ਏ।

ਰਾਮਾ : ਬਾਪੂ ਤੇਰੀ ਜਿਹੜੀ ਨਿਭੀ, ਉਹ ਨਿਭਾ ਲਈ...ਹੁਣ ਤੂੰ ਬੋਲਿਆ ਘੱਟ ਕਰ ਤੇ ਵੇਖਿਆ ਬਹੁਤਾ ਕਰ।

ਕਿਸ਼ਨ : ਓਏ ਰਾਮ...ਬਜ਼ੁਰਗ ਨਾਲ ਇੰਜ ਨਹੀਂ ਬੋਲੀਦਾ।

ਰਾਮਾ : ਬਾਪੂ ਸਮਝਣ ਦਾ ਵੀ ਕੋਈ ਜਤਨ ਨਹੀਂ ਕਰਦਾ।

ਕਿਸ਼ਨ : ਆਪੇ ਸਮਝ ਜਾਊ...ਹਲਾ, ਮੈਂ ਉੱਤਲੀ ਪੱਤੀ ਹੁੰਦਾ ਆਵਾਂ...ਤੂੰ ਸਭਾ ਵਾਲੀ ਥਾਂ ਪੁੱਜ ਜਾਵੀਂ।

*(ਬਾਹਰ ਚਲਾ ਜਾਂਦਾ ਹੈ।)*

ਮਿਲਖੀ : ਹਾਹੋ ਪੁੱਜ ਜਾਵੇਗਾ...ਵੱਡਾ ਲੰਬੜ ਲੱਗਿਆ ਹੋਇਆ ਏ...ਅਗਲੇ ਮਾਮਲੇ ਨਿਬੜੇ ਨਹੀਂ ਤੇ ਹੋਰ ਥਾਈਂ ਟੰਗਾਂ ਅੜਾਈ ਫਿਰਦਾ ਏ।

ਰਾਮਾ : ਮੈਂ ਮਾੜੀ ਕੀ ਗੱਲ ਕੀਤੀ ਏ ?

ਮਿਲਖੀ : ਆਹੋ ਤੂੰ ਮਾੜੀ ਕਿਹੜਾ ਕਰਨੀ ਏ...ਅੱਗੇ ਏਨਾ ਕਰਜ਼ਾ ਲੈ ਕੇ ਘਰ ਉਜਾੜ 'ਤਾ...ਉਦੋਂ ਵੀ ਕਹਿੰਦਾ ਸੀ—ਮੈਂ ਕੋਈ ਮਾੜਾ ਤਾਂ ਨਹੀਂ ਕੀਤਾ।

ਰਾਮਾ : ਮੈਂ ਕੋਈ ਦਾਰੂ ਤਾਂ ਨਹੀਂ ਪੀਤਾ ਪੈਸੇ ਦਾ।

ਮਿਲਖੀ : ਮੈਂ ਕਦੋਂ ਕਹਿੰਨਾ ਵਾਂ ਤੂੰ ਦਾਰੂ ਪੀਤਾ ਏ...ਮੈਨੂੰ ਜੇਕਰ ਪਤਾ ਹੁੰਦਾ ਕਿ ਏਨੇ ਖਰਚੇ ਬਿਨਾਂ ਸਰਦਾ ਨਹੀਂ ਤਾਂ ਕੁੜੀ ਦਾ ਵਿਆਹ ਅੱਗੇ ਪਾ ਦੇਂਦਾ ਪਰ ਇਸ ਘਰ ਵਿਚ ਮੇਰੀ ਪੁੱਛ ਵੀ ਕੀ ਏ ?

ਰਾਮਾ : ਹਾਹੋ ਅੱਗੇ ਪਾ ਦੇਂਦਾ...ਜਦੋਂ ਲੰਬੜਾਂ ਦੇ ਚੂਹੜ ਵਰਗੇ ਇੱਜ਼ਤ ਲਾਹ ਕੇ ਹੱਥ ਫੜਾ ਦੇਂਦੇ ਆਂ...ਇਹ ਬਾਪੂ ਤੇਰੇ ਟੱਬਰ ਦੇ ਪਾਲਣੇ ਹੀ ਕਰਦਾ ਪਿਆ ਹਾਂ।

ਸ਼ੀਲੋ : ਪੁੱਤਰ...ਹੁਣ ਖੋਤੇ ਤੂੰ ਵੇਚ ਆਇਆ ਏਂ...ਅਸੀਂ ਕੀ ਕਰਾਂਗੇ ?

ਮਿਲਖੀ : ਕਰਨਾ ਕੀ ਏ...ਮੈਂ ਜਾ ਕੇ ਸਾਧਾਂ ਦੇ ਡੇਰੇ ਬਹਿ ਰਹੂੰ...ਬਾਟੀਆਂ ਮਾਂਜ ਦਊਂ। ਰੋਟੀ ਦੋ ਡੰਗ ਮਿਲ ਹੀ ਜਾਊ।

ਰਾਮਾ : ਪਰ ਤੁਸੀਂ ਮੇਰੇ ਨਾਲ ਜਾਬੜਾਂ ਦਾ ਭੇੜ ਕਰਦੇ ਓ...ਮੈਂ ਸੁਖੀ ਥੋੜਾ ਆਂ ?

ਸ਼ੀਲੋ : ਪੁੱਤਰ ਜੋ ਤੂੰ ਮਰਜ਼ੀ ਕਰਦਾ...ਪਰ ਉਨ੍ਹਾਂ ਜੀਵਾਂ ਨੂੰ ਨਾ ਵੇਚਦਾ...ਇਹ ਖ਼ਾਲੀ ਖੁਰਲੀਆਂ ਮੈਨੂੰ ਖਾਣ ਨੂੰ ਪੈਂਦੀਆਂ ਨੇ।

ਰਾਮਾ : ਮਾਂ...ਮੈਨੂੰ ਵੀ ਖੋਹ ਪੈਂਦੀ ਏ...ਪਰ ਮੈਂ ਜੋ ਵੇਖਿਆ ਸੀ, ਸੁਣਨਾ ਚਾਹੁੰਦੀ ਏਂ ?

ਸ਼ੀਲੋ : ਤੂੰ ਦੱਸੇਂ ਵੀ ਕੁਝ, ਪਿਛਲੇ ਕਈ ਦਿਨਾਂ ਤੋਂ ਨਾ ਤੂੰ ਚੱਜ ਨਾਲ ਕੂਇਆ ਏਂ ਤੇ ਨਾ ਹੀ ਕੋਈ ਗੱਲ ਕੀਤੀ ਏ।

ਰਾਮਾ : ਗੱਲ ਹੀ ਮਾਂ ਇਹੋ ਜਿਹੀ ਸੀ।

ਸ਼ੀਲੋ : ਕੁਝ ਦੱਸੇ ਵੀ ਨਾ।

ਰਾਮਾ : ਮੈਂ ਪਾਂਡੂ ਦਾ ਫੇਰਾ ਪਿਆ ਲਿਆਉਂਦਾ ਸਾਂ...ਜਦੋਂ ਛੱਪਰ ਕੋਲੋਂ ਲੰਘਿਆ, ਮੈਂ ਕਿਸੇ ਚੀਕ ਦੀ ਆਵਾਜ਼ ਸੁਣੀ...ਦੌੜ ਕੇ ਉਧਰ ਗਿਆ ਤਾਂ ਪਤਾ ਲੱਗਾ, ਮੇਰੀ ਭੈਣ ਜਨਕੋ ਦੀ ਉਹ ਚੀਕ ਸੀ।

ਸ਼ੀਲੋ : ਪਰ ਜਨਕੋ ਛੱਪੜਾਂ ਵੱਲ ਕਿਧਰ ਗਈ ਸੀ ?

ਰਾਮਾ : ਛੱਪੜ 'ਤੇ ਮਿੱਟੀ ਲੈਣ ਹੀ ਗਈ ਹੋਣੀ ਏ...ਲੰਬੜਾਂ ਦਾ ਚੂਹੜ ਉਥੇ ਸੀ...ਮੈਂ ਜਦੋਂ ਲਲਕਾਰਿਆ ਤਾਂ ਨੱਸ ਗਿਆ।

ਸ਼ੀਲੋ : ਓਏ ਕੱਖ ਨਾ ਰਹੇ ਇਹੋ ਜਹੇ ਦਾ।

ਮਿਲਖੀ : ਨਾ ਤੂੰ ਸਾਨੂੰ ਨਾ ਦੱਸਿਆ...ਅਸੀਂ ਲੰਬੜਾਂ ਨੂੰ ਸ਼ਿਕਾਇਤ ਕਰਦੇ।

ਰਾਮਾ : ਫੇਰ ਕੀ ਹੁੰਦਾ...ਉਸਨੇ ਉਲਟਾ ਕਹਿਣਾ ਸੀ—ਕੁੜੀ ਸੰਭਾਲ ਕੇ ਰੱਖੋ।

ਸ਼ੀਲੋ : ਗਰੀਬ ਦੀ ਇੱਜ਼ਤ ਨੂੰ ਕੋਈ ਇੱਜ਼ਤ ਨਹੀਂ ਸਮਝਦਾ।

ਰਾਮਾ : ਇੱਜ਼ਤ ਕੋਈ ਕੀ ਸਮਝੇ...ਜਦ ਬਾਪੂ ਵਰਗੇ ਆਪਣੇ ਆਪ ਨੂੰ ਮਿੱਟੀ ਦੇ ਕੀੜੇ ਸਮਝਦੇ ਨੇ।

ਮਿਲਖੀ : ਨਾ ਹੋਰ ਇਨ੍ਹਾਂ ਨਾਲ ਮੱਥਾ ਡਾਹ ਕੇ ਆਪਣਾ ਸਿਰ ਪੜਵਾਉਣਾ ਏ।

ਰਾਮਾ : ਤੁਹਾਡੀ ਇਸ ਸੋਚ ਨੇ ਤਾਂ ਇਨ੍ਹਾਂ ਨੂੰ ਸਿਰੇ ਚੜ੍ਹਾਇਆ ਏ।

ਮਿਲਖੀ : ਨਾ ਹੋਰ ਅਸੀਂ ਕੀ ਕਰੀਏ ?

ਰਾਮਾ : ਜੋ ਕਿਸ਼ਨ ਭਾ ਕਹਿੰਦਾ ਏ...ਮਿੱਟੀ ਵਿਚ ਰਹਿਣ ਵਾਲੇ ਮਿੱਟੀ ਦਾ ਮੁੱਲ ਜਾਨਣ...ਹੁਣ ਜਨਕੋ ਵੱਲੋਂ ਸੁਰਖਰੂ ਹੋਇਆ ਹਾਂ...ਇਨ੍ਹਾਂ ਨਾਲ ਆਪੇ ਨਿਬੜ ਲਵਾਂਗਾ।

ਮਿਲਖੀ : ਸਹੁਰਾ ਬੇਵਕੂਫ਼ ਕਿਸੇ ਥਾਂ ਦਾ...ਨਿਬੜ ਲਵੇਂਗਾ...ਇਹ ਲਾਟ ਦਾ ਪੁੱਤਰ ਅਗਲਿਆਂ ਪਿੰਜਣੀ ਕਰ ਦੇਣਾ ਏਂ।

ਸ਼ੀਲੋ : ਹਲਾ ਤੂੰ ਵੀ 'ਰਮਾਨ ਨਾਲ ਬੈਠਾ ਰਹਿ...ਤੇਰੇ ਕੋਲੋਂ ਕੁਝ ਨਾ ਹੋਇਆ ਤਾਂ ਉਹਦਾ ਇਹ ਮਤਲਬ ਨਹੀਂ ਕਿ ਮੁੰਡਾ ਵੀ ਕੁਝ ਨਾ ਕਰੇ।

ਮਿਲਖੀ : ਮੇਰੇ ਕੋਲੋਂ ਕੀ ਨਹੀਂ ਹੋਇਆ ?

ਸ਼ੀਲੋ : ਕੀ ਹੋਇਆ ਸੀ...ਯਾਦ ਈ ਪੰਦਰਾਂ ਸਾਲ ਪਹਿਲੇ ਕੀ ਹੋਇਆ ?

ਮਿਲਖੀ : ਕੀ ਹੋਇਆ...ਜੇ ਨੰਬਰਦਾਰ ਨੇ ਤੈਨੂੰ ਕੁਝ ਕਹਿ ਵੀ ਲਿਆ ਸੀ ਤਾਂ ਤੇਰਾ ਕੀ ਲਾਹ ਲਿਆ...ਸੋਹਣੀ ਜ਼ਨਾਨੀ ਵੇਖ ਕੇ ਹਰ ਕਿਸੇ ਦਾ ਦਿਲ ਆ ਜਾਂਦਾ ਏ ਤੇ ਤੇਰੀਆਂ ਧੁੰਮਾਂ ਵੀ ਉਨ੍ਹਾਂ ਦਿਨਾਂ ਵਿਚ ਖ਼ਾਸ ਸਨ।

ਸ਼ੀਲੋ : ਆਹੋ ਖ਼ਾਸ ਸਨ।

ਮਿਲਖੀ : ਹਰ ਕੋਈ ਲੰਘਦਾ ਟਿਚਕਰ ਕਰਦਾ ਕਿ ਘੁਮਿਆਰ ਬੜੀ ਸੋਹਣੀ ਘੁਮਿਆਰਣ ਮਾਰ ਲਿਆਇਆ ਏ...ਕਿਥੇ ਰਹਿ ਗਈਆਂ ਉਹ ਸਾਰੀਆਂ ਗੱਲਾਂ...ਹਲਾ ਪਾਣੀ ਦੇ ਇਕ ਕੌਲੀ ਵਿਚ...ਸਵੇਰ ਦੇ ਹੱਡ-ਪੈਰ ਹੀ ਟੁੱਟਦੇ ਪਏ ਨੇ।

ਸ਼ੀਲੋ : ਤੇਰੇ ਇਸ ਮਾਵੇ ਨੇ ਮਾਰ ਘੱਤਿਆ ਏ।

ਮਿਲਖੀ : ਓਏ ਸਹੁਰੀਏ...ਇਹਦੇ ਸਹਾਰੇ ਤਾਂ ਗ਼ਰੀਬ ਝੱਟ ਕਟੀ ਜਾਂਦੇ ਨੇ...ਨਹੀਂ ਤਾਂ ਕੋਈ ਜੀਣ ਦੇਂਦਾ ਏ ਇਥੇ...ਲੈ ਫੜਾ ਜ਼ਰਾ ਪਾਣੀ।

ਸ਼ੀਲੋ : ਉੱਠ ਕੇ ਆਪ ਲੈ ਲੈ...ਆਂਡਿਆਂ 'ਤੇ ਨਹੀਂ ਬੈਠਾ ਤੂੰ।

ਮਿਲਖੀ : ਓਏ ਸਹੁਰੀਏ...ਹੁਣ ਤੂੰ ਸਾਡਾ ਇਹ ਕੰਮ ਕਰਨੋਂ ਵੀ ਰਹਿ ਗਈ...ਜਦੋਂ ਨਾ ਰਹੇ, ਯਾਦ ਕਰੇਂਗੀ।

ਸ਼ੀਲੋ : ਹਲਾ...ਸੁਖ ਸੁਖ ਬੋਲ।

ਮਿਲਖੀ : (ਮਾਵੇ ਵਾਲੀ ਗੋਲੀ ਲੈਣ ਤੋਂ ਬਾਅਦ) ਅਸੀਂ ਵੀ ਹੁੰਦੇ ਸਾਂ ਕਦੀ ਸ਼ੁਰਲ ਮਤਾਬੀਆਂ...ਕੀ ਹੋਇਆ ਜੇ ਹੁਣ ਠੁੱਸ ਹੋ ਗਏ।

*(ਨੰਬਰਦਾਰ ਖੰਘੂਰਾ ਮਾਰ ਕੇ ਆਉਂਦਾ ਹੈ। ਸ਼ੀਲੋ ਇਕ ਪਾਸੇ ਪੱਲਾ ਕਰਕੇ ਬਹਿ ਜਾਂਦੀ ਹੈ।)*

ਮਿਲਖੀ : ਅਸ਼ਕੇ...ਅਸ਼ਕੇ...ਅੱਜ ਤਾਂ ਸਰਦਾਰ ਆਏ ਨੇ।

ਨੰਬਰਦਾਰ : ਓਏ ਅੱਜ ਤਾਂ ਘੁਮਿਆਰ ਬੜੇ ਰੌਂ ਵਿਚ ਲਗਦਾ ਏ...ਘੁਮਿਆਰਣ ਦੀ ਕੋਈ ਮਿਹਰਬਾਨੀ ਹੋ ਗਈ ਏ।

ਮਿਲਖੀ : ਬਹਿ ਜਾ, ਬਹਿ ਜਾ ਸਰਦਾਰਾ...(ਸ਼ੀਲੋ ਵੱਲ ਮੂੰਹ ਕਰਕੇ) ਸਰਦਾਰਾ ਜ਼ਨਾਨੀ ਇਕ ਨੰਬਰ ਦੀ ਏ...ਪਰ ਜਦੋਂ ਗੁੱਸੇ ਵਿਚ ਹੋਵੇ ਤਾਂ ਪੁੱਛਾਂ

ਚੁੱਕ ਦੇਂਦੀ ਏ...ਹੁਣ ਤੂੰ ਹੀ ਦੱਸ ਕਿ ਮੈਂ ਜੱਗ ਤੋਂ 'ਨੋਖੀ ਕੀਤੀ ਥੋੜੀ ਜੇ ਪ੍ਰਸ਼ਨ ਕਰਵਾ ਲਿਆ...ਪਰ ਇਹਦੇ ਦੋ ਸਾਲ ਨਿਆਣਾ ਨਾ ਹੋਇਆ...ਇਹਨੇ ਮੇਰੇ ਫਾਹਾ ਪਾ ਲਿਆ।

ਨੰਬਰਦਾਰ : ਕਿਉਂ ?

ਮਿਲਖੀ : ਅਖੇ ਤਵੀਤ ਕਰਵਾ...ਹੁਣ ਮੈਂ ਇਹਨੂੰ ਸਾਰੀ ਗੱਲ ਥੋੜਾ ਦੱਸੀ ਸੀ।

ਨੰਬਰਦਾਰ : ਕਿਹੜੀ ?

ਮਿਲਖੀ : ਗੱਲ ਇੰਝ ਬਣੀ...ਤੈਨੂੰ ਤਾਂ ਪਤਾ ਹੀ ਏ ਸਰਦਾਰਾ ਦਸ ਬਾਰਾਂ ਸਾਲ ਹੋਏ ਮੰਡੀ ਵਿਚ ਬੜਾ ਕੱਬਾ ਤਸੀਲਦਾਰ ਆਇਆ।

ਨੰਬਰਦਾਰ : ਓਏ ਮਿਲਖੀ...ਤਸੀਲਦਾਰ ਸਾਰੇ ਕੱਬੇ ਈ ਹੁੰਦੇ ਨੇ...ਜੇ ਕੱਬੇ ਨਾ ਹੋਣ ਤਾਂ ਲੋਕ ਕਿਧਰੇ ਕਾਬੂ ਆਉਂਦੇ ਨੇ।

ਮਿਲਖੀ : ਉਹ ਤਾਂ ਬਾਹਲਾ ਹੀ ਕੱਬਾ ਸੀ ਸਰਦਾਰਾ...ਉਹਨੇ ਪਟਵਾਰੀਆਂ ਨੂੰ ਖਿੱਚਿਆ...ਹਰ ਇਕ ਪਟਵਾਰੀ ਸਿਰ ਚਾਰ ਚਾਰ ਪ੍ਰੇਸ਼ਨ ਲਾ ਦਿੱਤੇ।

ਨੰਬਰਦਾਰ : ਓਏ ਮੈਨੂੰ ਸਭ ਪਤਾ ਏ...ਆਪਣੇ ਮਦਨ ਪਟਵਾਰੀ ਹੁੰਦਾ ਸੀ...ਉਹਨੇ ਮੈਨੂੰ ਸਾਰਾ ਕਿੱਸਾ ਸੁਣਾਇਆ ਸੀ।

ਮਿਲਖੀ : ਪਹਿਲਾਂ ਤਾਂ ਨੰਬਰਦਾਰਾ ਪਟਵਾਰੀਆਂ ਨਾ ਗੌਲਿਆ...ਪਰ ਜਦ ਤਹਿਸੀਲਦਾਰ ਨੇ ਪਟਵਾਰੀਆਂ ਦੀਆਂ ਦੋ-ਦੋ ਮਹੀਨੇ ਤਨਖਾਹਾਂ ਨਾ ਦਿੱਤੀਆਂ ਤਦ ਪਿੱਸੂ ਪਏ ਤਾਂ ਲੱਗੇ ਆਪਣੀਆਂ ਸਾਮੀਆਂ ਦੀ ਖੋਜ 'ਚ।

ਨੰਬਰਦਾਰ : ਹਲਾ...ਫੇਰ ਤੈਨੂੰ ਆ ਘੇਰਿਆ।

ਮਿਲਖੀ : ਮੈਂ ਕਿਥੋਂ ਕਾਬੂ ਆਉਂਦਾ ਸਾਂ...ਇਹ ਤਾਂ ਮਦਨ ਪਟਵਾਰੀ ਨੇ ਤੋਲਾ ਕੁ ਮਾਵਾ ਦੇ ਕੇ ਅਟੇਰ ਲਿਆ...ਤੇ ਕਰਵਾ ਦਿੱਤੀ ਮੇਰੀ ਨਸਬੰਦੀ... ਅਖੇ ਮਿਲਖੀ ਲਾ ਦਿੱਤਾ ਈ ਡੱਕਾ।

ਨੰਬਰਦਾਰ : ਫੇਰ ?

ਮਿਲਖੀ : ਆਪਾਂ ਇਕ ਸ਼ਰਤ ਕੀਤੀ ਪਟਵਾਰੀ ਨਾਲ ਬਈ ਆਪਣੀ ਘੁਮਿਆਰਣ ਨੂੰ ਨਹੀਂ ਦੱਸਣਾ।

ਨੰਬਰਦਾਰ : ਫੇਰ ਉਹਨੇ ਸ਼ਰਤ ਪੂਰੀ ਕੀਤੀ ?

ਮਿਲਖੀ : ਕਿਥੇ ਸਰਦਾਰਾ...ਤੈਨੂੰ ਤਾਂ ਪਤਾ ਈ ਏ ਕਿ ਉਹਦੀ ਫੁੱਟ ਬੈਲੀਆਂ ਮਾਰਨ ਦੀ ਆਦਤ ਸੀ। ਬਸ ਕੁਝ ਚਿਰ ਬਾਅਦ ਹੀ ਸੱਥ ਵਿਚ ਸਾਰਾ ਕਿੱਸਾ ਜਾ ਸੁਣਾਇਆ। ਉਹ ਦਿਨ ਤੇ ਇਹ ਦਿਨ ਘੁਮਿਆਰਣ ਨੇ ਸਿੱਧੇ ਮੂੰਹ ਨਹੀਂ ਬੁਲਾਇਆ...ਤੂੰ ਸੁਣਾ ਕਿਧਰ ਫੇਰਾ ਪਾਇਆ... ਕੀੜੀ ਘਰ ਨਰਾਇਣ ਕਿਵੇਂ ਬਹੁੜੇ ?

ਨੰਬਰਦਾਰ : ਓਏ ਮਿਲਖੀ...ਕੀੜੀ ਜੇਕਰ ਆਪਣੀ ਥਾਂ ਰਹੇ ਤਾਂ ਨਰਾਇਣ ਬਹੁੜ

ਜਾਂਦਾ ਏ...ਪਰ ਕੀੜੀ ਜੇਕਰ ਔਕਾਤ ਨੂੰ ਨਾ ਸਮਝੇ...ਪਰ ਕੱਢਣ ਲੱਗ ਪਏ ਤਾਂ ਜੱਗ ਤੋਂ ਬਾਹਰਲੀ ਹੋਣੀ ਸ਼ੁਰੂ ਹੋ ਜਾਂਦੀ ਏ।

ਮਿਲਖੀ : ਮੈਂ ਸਮਝਿਆ ਨਹੀਂ ਸਰਦਾਰਾ।

ਨੰਬਰਦਾਰ : ਮੈਂ ਅੱਗੇ ਵੀ ਤੈਨੂੰ ਇਸ਼ਾਰਾ ਕੀਤਾ ਸੀ...ਇਹ ਤੇਰਾ ਰਾਮਾ ਕਿਸ਼ਨੀ ਦੇ ਚੁੱਕੇ-ਚੁਕਾਏ ਵੱਡਿਆਂ ਦੀਆਂ ਗੱਲਾਂ ਵਿਚ ਦਖ਼ਲ ਦੇਂਦਾ ਏ।

ਮਿਲਖੀ : ਵੱਡਿਆਂ ਦੀਆਂ ਗੱਲਾਂ ਵਿਚ ?

ਨੰਬਰਦਾਰ : ਅਖੇ ਇਕ ਵੋਟ ਸਰਦਾਰਾਂ ਨੂੰ ਨਹੀਂ ਪੈਣ ਦੇਣੀ।

ਮਿਲਖੀ : ਰਾਮਾ ਵਿਚ ਕੌਣ ਹੋਇਆ ਨੰਬਰਦਾਰਾ ?

ਨੰਬਰਦਾਰ : ਇਹੋ ਤਾਂ ਮੈਂ ਆਖਦਾ ਵਾਂ।

ਮਿਲਖੀ : ਪਰ ਨੰਬਰਦਾਰਾ ਇਹ ਵੋਟਾਂ ਦੀ ਗੱਲ ਹੋਈ...ਅਖੇ ਜਿਥੇ ਕੋਈ ਮਰਜ਼ੀ ਪਾ ਦੇਵੇ, ਰਾਮਾ ਕੀ ਤੇ ਕਿਸ਼ਨੀ ਕੀ ?

ਨੰਬਰਦਾਰ : ਮੈਨੂੰ ਪਤਾ ਏ ਕਿਸ਼ਨੀ ਤੇ ਉਹ ਸਾਰੇ ਆਗੂ ਬਣੇ ਹੋਏ ਨੇ...ਪਰ ਉਨ੍ਹਾਂ ਨੂੰ ਨਹੀਂ ਪਤਾ...ਮੈਂ ਨਪੀੜ ਕੇ ਰੱਖ ਦੂੰ।

ਸ਼ੀਲੋ : ਨਾ ਤੂੰ ਕੋਈ ਵੇਲਣਾ ਲਾਇਆ ਹੋਇਆ ਏ ਕਿ ਨਪੀੜ ਕੇ ਰੱਖ ਦੇਵੇਂਗਾ।

ਮਿਲਖੀ : ਸਹੁਰੀਏ ਤੂੰ ਵਿਚ ਨਾ ਬੋਲ।

ਸ਼ੀਲੋ : ਕਿਉਂ ਨਾ ਬੋਲਾਂ...ਗਰੀਬਾਂ ਦੇ ਜ਼ਬਾਨ ਨਹੀਂ ਹੁੰਦੀ...ਇੱਜ਼ਤ ਨਹੀਂ ਹੁੰਦੀ।

ਨੰਬਰਦਾਰ : ਹੁਣ ਇਹ ਵੀ ਇੱਜ਼ਤਾਂ ਵਾਲੀ ਹੋ ਗਈ ਏ...ਭੁੱਲੀ ਨਹੀਂ ਸਾਥੋਂ... (ਉੱਠਦਾ ਹੋਇਆ) ਹਲਾ ਮਿਲਖੀ...ਤੂੰ ਰਾਮੇ ਨੂੰ ਸਮਝਾ ਲੈ...ਫੇਰ ਕੋਈ ਨੁਕਸਾਨ ਹੋ ਗਿਆ ਤਾਂ ਮੈਨੂੰ ਨਾ ਆਖੀਂ...ਮਿੱਟੀ ਦੇ ਜੀਵ ਮਿੱਟੀ ਵਿਚ ਹੀ ਸੋਭਦੇ ਨੇ।

*(ਨੰਬਰਦਾਰ ਜਾਂਦਾ ਹੈ। ਰਾਮਾ ਦੂਜੇ ਪਾਸੇ ਤੋਂ ਆਉਂਦਾ ਹੈ।)*

ਰਾਮਾ : ਮਿੱਟੀ ਦੀ ਕਹਾਣੀ ਤਾਂ ਹਾਲੇ ਸ਼ੁਰੂ ਹੋਈ ਏ।

* *

ਮਿੰਦੋ : ਚਾਚੀ।

ਸ਼ੀਲੋ : ਮੈਂ ਕੁੜੇ ਤੈਨੂੰ ਪਛਾਤਾ ਨਹੀਂ।

ਮਿੰਦੋ : ਮੈਂ ਚਾਚੀ ਬਾਜ਼ੀਗਰਾਂ ਦੀ ਮਿੰਦੋ ਆਂ।

ਸ਼ੀਲੋ : ਹਲਾ ਹਲਾ...ਰਾਮੂ ਆਪਣਾ ਗੱਲ ਕਰਦਾ ਸੀ ਕਿ ਇਕ ਵਾਰੀ ਉਹਨੇ ਤੈਨੂੰ ਆਪਣੇ ਰੇੜ੍ਹੇ 'ਤੇ ਸੈਰ ਕਰਵਾਈ ਸੀ।

ਮਿੰਦੋ : (ਭੋਲੀ ਬਣ ਕੇ) ਕੌਣ ਰਾਮੂ ਚਾਚੀ ?

ਸ਼ੀਲੋ : ਮੇਰਾ ਪੁੱਤਰ...ਹੋਰ ਕੌਣ ?

ਮਿੰਦੋ : ਮੈਂ ਤਾਂ ਉਹਦੇ ਰੇੜ੍ਹੇ 'ਤੇ ਕੋਈ ਨਹੀਂ ਬੈਠੀ।

ਸ਼ੀਲੋ : ਹਲਾ ਫੇਰ ਕੋਈ ਹੋਰ ਮਿੰਦੋ ਹੋਣੀ ਏਂ।

ਮਿੰਦੋ : ਹੋਰ ਕੋਈ ਉਹਦੇ ਰੇੜ੍ਹੇ 'ਤੇ ਕਿਵੇਂ ਬੈਠ ਸਕਦੀ ਏ...ਮੇਰਾ ਮਤਲਬ ਏ ਕਿ ਜਿਦ੍ਹੇ ਰੇੜ੍ਹੇ ਮੈਂ ਬੈਠੀ ਹੋਵਾਂਗੀ...ਉਹ ਰਾਮੂ ਦਾ ਹੀ ਹੋਣਾ ਏਂ...ਪਰ ਕੀ ਢੀਚੂੰ ਢੀਚੂੰ ਰੇੜ੍ਹਾ ਏ।

ਸ਼ੀਲੋ : ਫੇਰ ਤੂੰ ਕਿਸੇ ਹੋਰ ਦੇ ਰੇੜ੍ਹੇ 'ਤੇ ਬੈਠੀ ਹੋਣੀ ਏਂ ਧੀਏ...ਮੇਰੇ ਰਾਮੂ ਦਾ ਰੇੜ੍ਹਾ ਹਵਾ ਨਾਲ ਗੱਲਾਂ ਕਰਦਾ ਜਾਂਦਾ ਏ...ਨਵੇਂ ਟੈਰ ਪੁਆਏ ਨੇ ਰਬੜ ਦੇ ਉਹਨੇ...ਖੱਚਰ ਦੀ ਏਨੀ ਸੇਵਾ ਕਰਦਾ ਏ...ਖੱਚਰ ਨੂੰ ਨਵੀਂ ਵਹੁਟੀ ਵਾਂਗ ਸ਼ਿੰਗਾਰ ਕੇ ਰੱਖਦਾ ਏ...ਲਾਲ ਰੇਸ਼ਮੀ ਰੁਮਾਲ, ਪਿੱਤਲ ਦੇ ਘੁੰਗਰੂਆਂ ਨਾਲ ਮੜ੍ਹਿਆ ਚਮੜੇ ਦਾ ਪਟਾ ਉਹਦੇ ਗਲ ਪਾ ਕੇ ਰੱਖਦਾ ਏ।

ਮਿੰਦੋ : ਚਾਚੀ...ਕੀ ਉਹ ਆਪਣੇ ਸਾਰੇ ਚਾਅ ਖੱਚਰ 'ਤੇ ਹੀ ਪੂਰੇ ਕਰ ਲੈਂਦਾ ਏ।

ਸ਼ੀਲੋ : ਧੀਏ ਜਿਹੜਾ ਜੀਵ ਢਿੱਡ ਦੀ ਰੋਟੀ ਦੇਵੇ...ਉਹਦੇ ਨਾਲੋਂ ਪਿਆਰੀ ਹੋਰ ਕਿਹੜੀ ਚੀਜ਼ ਹੋ ਸਕਦੀ ਏ...ਬਿਲਕੁਲ ਆਪਣੇ ਬਾਪੂ 'ਤੇ ਗਿਆ ਏ...ਉਹ ਵੀ ਆਪਣੀ ਖੋਤੀ ਨੂੰ ਇੰਝੇ ਹੀ ਪਿਆਰ ਕਰਦਾ ਸੀ।

ਮਿੰਦੋ : ਖੋਤੀ ਨੂੰ ?

ਸ਼ੀਲੋ : ਆਹੋ...ਉਹ ਖੋਤੀ ਮੇਰੇ ਬਾਪੂ ਨੇ ਦਾਜ ਵਿਚ ਦਿੱਤੀ ਸੀ...ਜਦੋਂ ਮੇਰਾ ਰਾਮੂ ਜੰਮਿਆ ਤਾਂ ਸਾਡੀ ਉਸ ਖੋਤੀ ਨੇ ਵੀ ਵਛੇਰਾ ਦਿੱਤਾ ਤੇ ਰਾਮੂ ਦੇ ਉਪਰੋਂ ਜਦੋਂ ਜਨਕੋ ਹੋਈ ਤਾਂ ਸਾਡੀ ਖੋਤੀ ਨੇ ਵੀ ਵਛੇਰੀ ਜੰਮੀ... ਬੜੀ ਕਰਮਾਂ ਵਾਲੀ ਸੀ ਉਹ ਵਿਚਾਰੀ।

ਮਿੰਦੋ : ਚਾਚੀ...ਇਕ ਗੱਲ ਪੁੱਛਾਂ ?

ਸ਼ੀਲੋ : ਕੀ ?

ਮਿੰਦੋ : ਜਦੋਂ ਰਾਮੂ ਦਾ ਵਿਆਹ ਹੋਵੇਗਾ ਤਾਂ ਉਹ ਆਪਣੀ ਬਹੂ ਦੇ ਚਾਅ ਪੂਰੇ ਕਰੇਗਾ ਕਿ ਖੱਚਰ ਦੇ ?

ਸ਼ੀਲੋ : ਵਹੁਟੀ ਆਪਣੀ ਥਾਂ...ਖੱਚਰ ਆਪਣੀ ਥਾਂ...ਇਹਦਾ ਬਾਪੂ ਭਾਵੇਂ ਖੋਤੀ ਦਾ ਪੂਰਾ ਖ਼ਿਆਲ ਰੱਖਦਾ ਸੀ ਪਰ ਮੇਰੇ ਪੈਰ ਵੀ ਭੋਇੰ 'ਤੇ ਨਹੀਂ ਸੀ ਲੱਗਣ ਦੇਂਦਾ...ਬਾਅਦ ਵਿਚ ਮਾਵੇ ਨੇ ਹੀ ਉਹਦੀ ਸੁਰਤ ਮਾਰ 'ਤੀ...ਹਲਾ ਕੁੜੇ ਇਹ ਦੱਸ ਕਿਵੇਂ ਆਈ ਸੀ ?

ਮਿੰਦੋ : ਚਾਚੀ ਇਕ ਘੜਾ ਲੈਣ ਆਈ ਸੀ।

ਸ਼ੀਲੋ : ਫੇਰ ਪਸੰਦ ਕਰ ਲੈ।

ਮਿੰਦੋ : ਜਿਹੜਾ ਮੇਰੀ ਪਸੰਦ ਦਾ ਏ...ਉਹ ਤਾਂ ਇਥੇ ਦਿੱਸਦਾ ਨਹੀਂ।

ਸ਼ੀਲੋ : (ਹੱਸ ਕੇ) ਹਲਾ...ਮੈਂ ਸਮਝ ਗਈ ਕਿ ਤੈਨੂੰ ਕੀ ਚਾਹੀਦੈ...ਵੇਖਦੀ ਹਾਂ, ਇਧਰ ਹੀ ਕਿਧਰੇ ਹੋਣਾ ਏਂ।

*(ਨੰਬਰਦਾਰਾਂ ਦਾ ਚੂਹੜ ਖੰਘੂਰਾ ਮਾਰਦਾ ਏ।)*

ਸ਼ੀਲੋ : (ਪਾਸੇ) ਇਹ ਬੁਰਸ਼ਾ ਕਿਧਰੋਂ ਆ ਮਰਿਆ ਏ...(ਚੂਹੜ ਨੂੰ) ਲੈ ਖਾਂ ਸਰਦਾਰ ਆਇਆ ਏ ਆਪਣਾ ਅੱਜ।

ਚੂਹੜ : ਮੈਂ ਆਖਿਆ ਅਸੀਂ ਵੀ ਕੋਈ ਸੁਰਾਹੀ ਲੈ ਜਾਈਏ...ਬੜੀ ਤਿਹਾ ਲਗਦੀ ਏ ਅੱਜ ਕੱਲ੍ਹ।

ਸ਼ੀਲੋ : (ਲਾ ਕੇ) ਦਿਨ ਜੋ ਸਰਦਾਰਾ ਗਰਮੀ ਦੇ ਹੋਏ...ਹਲਾ...ਮੈਂ ਅੰਦਰੋਂ ਕੋਈ ਚੰਗੀ ਜਹੀ ਵੇਖਦੀ ਹਾਂ।

ਮਿੰਦੋ : (ਪਿੱਛੋਂ ਦੀ) ਚਾਚੀ ਇਕ ਚੱਪਣੀ ਲੈਂਦੀ ਆਵੀਂ ਸੂ...ਸ਼ੈਦ ਲੋੜ ਪੈ ਜਾਵੇ।

ਚੂਹੜ : ਤੂੰ ਮਿੰਦੋ ?

ਮਿੰਦੋ : ਹਾਹੋ...ਮੈਂ ਮਿੰਦੋ...ਕੋਈ ਕੰਮ ਆ ?

ਚੂਹੜ : ਨਹੀਂ ਤਾਂ...ਤੂੰ ਕੱਖ ਚੁਗਣ ਦੂਜਿਆਂ ਦੇ ਖੇਤਾਂ ਵਿਚ ਜਾਂਦੀ ਏਂ... ਸਾਡੀ ਕਪਾਹ 'ਚ ਲੋਹੜਿਆਂ ਦਾ ਨਦੀਨ ਮੋਥਰਾ ਏ...ਤੂੰ ਇਕ ਭਾਰ ਦੋ ਭਾਰ ਲੈ ਆਇਆ ਕਰ।

ਮਿੰਦੋ : ਕਿਉਂ ਸਰਦਾਰਾ...ਤੇਰੀ ਕਪਾਹ ਕੋਈ ਖ਼ਾਸ ਏ ?

ਚੂਹੜ : ਤੂੰ ਇਕ ਵਾਰ ਆ ਕੇ ਤਾਂ ਵੇਖ।

ਮਿੰਦੋ : ਹਲਾ ਆਵਾਂਗੀ ਕਿਸੇ ਦਿਨ...ਰਾਮੇ ਦੇ ਰੇੜ੍ਹੇ 'ਤੇ ਬੈਠ ਕੇ।

ਚੂਹੜ : ਅਸੀਂ ਤੈਨੂੰ ਘੋੜੀ 'ਤੇ ਬਿਠਾ ਕੇ ਲੈ ਜਾਈਏ...ਇਕ ਵਾਰੀ ਹਾਂ ਕਰ ਸਈ ਤੂੰ।

ਮਿੰਦੋ : ਸਰਦਾਰਾ...ਤੈਨੂੰ ਖੱਚਰ ਤੇ ਘੋੜੇ ਦੇ ਫ਼ਰਕ ਦਾ ਪਤਾ ਏ ?

ਚੂਹੜ : ਕੀ ਮਤਲਬ।

ਮਿੰਦੋ : ਮਤਲਬ ਬਸ ਇਹੀ ਏ ਕਿ ਮੈਨੂੰ ਰਾਮੇ ਦੀ ਖੱਚਰ ਤੇਰੀ ਘੋੜੀ ਨਾਲੋਂ ਬਹੁਤੀ ਰਾਸ ਏ।

ਚੂਹੜ : ਹੂੰ...ਬਾਜ਼ੀਗਰਾਂ ਦੀ ਜ਼ਾਤ ਮਿੱਟੀ 'ਤੇ ਹੀ ਡਿੱਗੇਗੀ...ਘੁਮਿਆਰਾਂ ਦਾ ਮੁਕਾਬਲਾ ਸਾਡੇ ਜੱਟਾਂ ਨਾਲ ਕਰਦੀ ਏਂ।

ਮਿੰਦੋ : ਜਾਤ ਵੀ ਸਰਦਾਰਾ ਬੰਦਿਆਂ ਦੀ ਹੁੰਦੀ ਏ...ਵੈਲੀਆਂ ਦੀ ਨਹੀਂ।

ਚੂਹੜ : ਤੇਰੀ ਇਹ ਮਜ਼ਾਲ...ਤੈਨੂੰ ਵੀ ਵੇਖ ਲਵਾਂਗਾ ਤੇ ਇਕ ਦਿਨ ਇਸ ਰਾਮੂ ਨੂੰ ਵੀ।

ਮਿੰਦੋ : ਤੇ ਇਕ ਗੱਲ ਹੋਰ ਸੁਣਦਾ ਜਾ...ਤੇਰੀ ਕਪਾਹ ਵਿਚ ਜਿਹੜਾ ਨਦੀਨ ਮੋਥਰਾ ਏ...ਆਪਣੀ ਮਾਂ ਨੂੰ ਕਵ੍ਹੀਂ ਚੁਗ ਲਵੇ।

*(ਚੂਹੜ ਜ਼ਮੀਨ 'ਤੇ ਪੈਰ ਮਾਰਦਾ ਹੈ। ਮਿੰਦੋ ਵੀ ਉਸੇ ਤਰ੍ਹਾਂ ਨਕਲ ਕਰਦੀ ਹੈ। ਸ਼ੀਲੋ ਇਕ ਸੁਰਾਹੀ ਲੈ ਕੇ ਆਉਂਦੀ ਹੈ।)*

ਸ਼ੀਲੋ : ਹੈਂ ? ਕਿਧਰ ਗਿਆ ਏ ਸਰਦਾਰ ?

ਮਿੰਦੋ : ਚਾਚੀ ਹੁਣ ਉਹਨੂੰ ਇਹਦੀ ਲੋੜ ਨਹੀਂ।

ਸ਼ੀਲੋ : ਕਿਉਂ ?

ਮਿੰਦੋ : ਉਹਦੀ ਤਿਹਾ ਮੈਂ ਲਾਹ ਦਿੱਤੀ ਏ।

ਸ਼ੀਲੋ : ਕੁੜੇ...ਤੂੰ ਕਾਹਨੂੰ ਵੈਰ ਲੈਣਾ ਸੀ...ਮੁੰਡਾ ਕੱਬਾ ਬੜਾ ਏ।

ਮਿੰਦੋ : ਚਾਚੀ...ਕੱਬਿਆਂ ਨਾਲ ਕੱਬੇ ਹੋ ਕੇ ਨਿਬੜੀਏ ਤਾਂ ਠੀਕ ਹੋ ਜਾਂਦੇ ਨੇ।

ਸ਼ੀਲੋ : ਅੱਗੇ ਉਹਦਾ ਪਿਉ ਰਾਮੇ ਦੇ ਬਾਪੂ ਨੂੰ ਧਮਕੀਆਂ ਦੇਂਦਾ ਗਿਆ ਏ।

ਮਿੰਦੋ : ਤੂੰ ਕਾਹਨੂੰ ਫ਼ਿਕਰ ਕਰਦੀ ਏਂ ਚਾਚੀ...ਹੁਣ ਫੇਰ ਕਿਧਰ ਤੁਰ ਪਈ ਏਂ।

ਸ਼ੀਲੋ : ਮੈਂ ਆਖਿਆ...ਤੇਰਾ ਸੌਦਾ ਵੀ ਲੱਭ ਲਿਆਵਾਂ...ਇਥੇ ਕਿਸ਼ਨੀ ਹੋਰਾਂ ਦੇ ਘਰ ਬੈਠਾ ਹੋਊ।

ਮਿੰਦੋ : ਚਾਚੀ...ਆਪੇ ਆ ਜਾਵੇਗਾ...ਮੈਂ ਚਲਦੀ ਹਾਂ।

ਸ਼ੀਲੋ : ਨਾ ਧੀਏ ਦੁਕਾਨ ਤੋਂ ਗਾਹਕ ਖ਼ਾਲੀ ਚਲਾ ਜਾਏ ਤਾਂ ਸ਼ਗਨ ਚੰਗਾ ਨਹੀਂ ਹੁੰਦਾ।

*(ਸ਼ੀਲੋ ਜਾਂਦੀ ਹੈ। ਮਿੰਦੋ ਇਕ-ਇਕ ਘੜਾ ਟੁਣਕਾ ਕੇ ਵੇਖਦੀ ਹੈ, ਜਦੋਂ ਰਾਮੂ ਆ ਜਾਂਦਾ ਹੈ।)*

ਰਾਮਾ : ਮਿੰਦੋ ਤੂੰ...ਮਾਂ ਕਹਿੰਦੀ ਸੀ ਕੋਈ ਗਾਹਕ ਆਇਆ ਏ।

ਮਿੰਦੋ : ਕਿਉਂ...ਮੈਂ ਗਾਹਕ ਨਹੀਂ ?

ਰਾਮਾ : ਤੂੰ ਗਾਹਕਾਂ ਨਾਲੋਂ ਵੱਧ...ਫੇਰ ਆਇਆ ਕੋਈ ਪਸੰਦ ?

ਮਿੰਦੋ : ਪਸੰਦ ਤੇ ਬੜੇ ਨੇ...ਮੈਂ ਆਖਿਆ ਕੋਈ ਪੱਕਾ ਹੀ ਲਵਾਂ...ਪਰ ਬੀਬਾ ਘੜੇ ਦੀ ਗੱਲ ਹੋਰ...ਤੂੰ ਪਹਿਲਾਂ ਇਹ ਦੱਸ ਮੇਰੇ ਚਾਚੇ ਕੋਲ ਕਿਉਂ ਨਹੀਂ ਆਉਂਦਾ ?

ਰਾਮਾ : ਅੱਜ ਤੂੰ ਇਥੇ ਆ ਗਈ ਏਂ...ਮਤਲਬ ਕਿ ਦਿਲ ਦੀ ਗੱਲ ਆਖ ਦਿੱਤੀ...ਹੁਣ ਮੈਂ ਵੀ ਆ ਜਾਵਾਂਗਾ, ਪਰ ਉਹਨੂੰ ਜਾ ਕੇ ਆਖਾਂਗਾ ਕੀ ?

ਮਿੰਦੋ : ਸਿੱਧਾ ਆਖ ਦੇਈਂ।

ਰਾਮਾ : ਕੀ ?

ਮਿੰਦੋ : ਕਿ ਮਿੰਦੋ ਮੈਨੂੰ ਚੰਗੀ ਲਗਦੀ ਏ।

ਰਾਮਾ : ਤਾਂ ਜੋ ਫਿਰ ਉਹ ਜੁੱਤੀ ਫੜ ਲਵੇ ਤੇ ਮੁਰੰਮਤ ਕਰ ਦੇਵੇ।

ਮਿੰਦੋ : ਜੇ ਜੁੱਤੀਆਂ ਵੱਜੀਆਂ ਤਾਂ ਖਾ ਲਵੀਂ...ਪਰ ਉਹ ਇਉਂ ਨਹੀਂ ਕਰੇਗਾ, ਉਹ ਕਹੇਗਾ ਜੇ ਤੈਨੂੰ ਚੰਗੀ ਲੱਗਦੀ ਏ ਤੂੰ ਲੈ ਜਾ।

ਰਾਮਾ : ਤੁਹਾਡੀ ਬਰਾਦਰੀ ਦੇ ਹੋਰ ਮੁੰਡੇ ਕੋਈ ਨਹੀਂ ?

ਮਿੰਦੋ : ਪਏ ਹੋਣ...ਤੂੰ ਮੈਨੂੰ ਚੰਗਾ ਲਗਦਾ ਏਂ...ਨਾਲੇ ਤੂੰ ਵੀ ਤਾਂ ਸਾਡੀ ਬਰਾਦਰੀ ਦਾ ਏਂ...ਤੇਰਾ ਬਾਪੂ ਮੇਰੇ ਚਾਚੇ ਨੂੰ ਦੱਸਦਾ ਸੀ ਕਿ ਤੁਹਾਨੂੰ ਵੱਡੇ-ਵਡੇਰੇ ਵੀ ਬਾਂਗੜ ਤੋਂ ਉੱਜੜ ਕੇ ਆਏ ਸੀ।

ਰਾਮਾ : ਫੇਰ ਮੈਂ ਬਾਪੂ ਨੂੰ ਹੀ ਤੇਰੇ ਚਾਚੇ ਕੋਲ ਭੇਜਾਂਗਾ।

ਮਿੰਦੋ : ਤੂੰ ਇਕ ਵਾਰੀ ਆਪ ਆ ਖਾਂ...ਨਾਲੇ ਚਾਚਾ ਤੈਨੂੰ ਵੇਖ ਲਵੇਗਾ।

ਰਾਮਾ : ਅੱਛਾ...ਜੇ ਤੇਰੀ ਇਹੋ ਮਰਜ਼ੀ ਏ।

ਮਿੰਦੋ : ਰੇੜ੍ਹੇ ’ਤੇ ਆਵੀਂ...ਰੁਮਾਲ ਗਲ ਵਿਚ ਪਾ ਕੇ...ਜਿਵੇਂ ਤੂੰ ਆਪਣੀ ਖੱਚਰ ਦੇ ਗਲ ਵਿਚ ਪਾਇਆ ਹੋਇਆ ਏ...ਮੈਂ ਤੇਰੀ ਉਡੀਕ ਕਰਾਂਗੀ...ਸਿਰ ਨਹਾ ਕੇ ਨਵੀਆਂ ਮੇਢੀਆਂ ਕਰਾਂਗੀ...ਅੱਖਾਂ ਵਿਚ ਸੁਰਮਾ ਪਾਵਾਂਗੀ...ਤੂੰ ਇਕ ਵਾਰੀ ਆ ਖਾਂ।

ਰਾਮਾ : ਤੂੰ ਕਹਿੰਨੀ ਏਂ...ਤਾਂ ਜ਼ਰੂਰ ਆਵਾਂਗਾ।

ਮਿੰਦੋ : ਹਲਾ...ਮੈਂ ਚਲਦੀ ਆਂ...ਹਾਲੀ ਕੱਖ ਵੀ ਚੁਗਣੇ ਨੇ...ਦੇਰ ਹੁੰਦੀ ਜਾਂਦੀ ਏ।

ਰਾਮਾ : ਕੱਲੀ-ਕਾਰੀ ਜੱਟਾਂ ਦੇ ਖੇਤਾਂ ਵਿਚ ਨਾ ਜਾਇਆ ਕਰ।

ਮਿੰਦੋ : ਨਹੀਂ ਹੋਣ ਲੱਗਾ ਮੈਨੂੰ ਕੁਝ।

ਰਾਮਾ : ਇਹ ਜੱਟ ਬੜੇ ਅੜਬ ਹੁੰਦੇ ਨੇ।

ਮਿੰਦੋ : ਅੱਗੇ ਅਸੀਂ ਵੀ ਘੁਮਿਆਰੀਆਂ ਨਹੀਂ...ਲੋਹੇ ਵਿਚ ਹੀ ਜੰਮੀਆਂ ਪਲੀਆਂ ਹਾਂ।

*(ਬਾਹਰੋਂ ਆਵਾਜ਼ ਆਉਂਦੀ ਹੈ—‘ਓਏ ਰਾਮਿਆ ਹੁਣ ਚੱਲ ਵੀ’।)*

ਰਾਮਾ : ਲੰਘ ਆ ਗਈ।

ਕਿਸ਼ਨ : ਕੀ ਕਹਿੰਦੀ ਏ ਕੁੜੀ।

ਰਾਮਾ : ਲੋਹੇ ਦੀ ਸ਼ਕਤੀ ਦੀ ਗੱਲ ਕਰਦੀ ਏ...ਬਾਈ।

ਕਿਸ਼ਨ : ਲੋਹੇ ਦਾ ਲੋਹਾ ਤਾਂ ਅੱਜ ਸਾਰੀ ਧਰਤੀ ਮੰਨਦੀ ਏ ਰਾਮਿਆ...ਮਿੱਟੀ ਵਿਚ ਪਲਣ ਵਾਲੇ ਲੋਕ ਜਦੋਂ ਲੋਹੇ ਨਾਲ ਆਪਣਾ ਸਾਥ ਜੋੜਨਗੇ ਤਾਂ ਉਨ੍ਹਾਂ ਦੀਆਂ ਤਕਦੀਰਾਂ ਬਦਲਣਗੀਆਂ।

ਮਿੰਦੋ : ਇਹੋ ਮੈਂ ਇਸ ਬੁੱਧੂ ਨੂੰ ਸਮਝਾਉਂਦੀ ਪਈ ਆਂ ਕਿ ਮਿੱਟੀ ਤੇ ਲੋਹੇ ਦਾ ਮੇਲ ਬੜਾ ਜ਼ਰੂਰੀ ਏ।

ਕਿਸ਼ਨ : ਫੇਰ ਇਹ ਸਮਝਿਆ ਕਿ ਨਹੀਂ ?

ਮਿੰਦੋ : ਕੁਝ ਕੁਝ ਸਮਝਿਆ ਏ ਬਾਕੀ ਤੂੰ ਸਮਝਾ ਦੇ ਬਾਈ...ਮੈਂ ਚਲਦੀ ਆਂ।

*(ਉਹ ਜਾਂਦੀ ਹੈ। ਰਾਮਾ ਉਹਦੇ ਪਿੱਛੇ ਦੇਖਦਾ ਹੈ। ਕਿਸ਼ਨ ਖੰਘੂਰਾ ਮਾਰਦਾ ਹੈ।)*

ਰਾਮਾ : ਕੀ ਗੱਲ ਏ ਬਾਈ ?

ਕਿਸ਼ਨ : ਬਸ ਇਹੋ ਹੀ—ਮਿੱਟੀ ਤੇ ਲੋਹੇ ਦਾ ਮੇਲ ਬੜਾ ਜ਼ਰੂਰੀ ਏ।

* *

[ਪਿੰਡ ਦੀ ਸੱਥ। ਨੰਬਰਦਾਰ ਤਖ਼ਤਪੋਸ਼ 'ਤੇ ਬੈਠਾ ਹੋਇਆ ਹੈ। ਮਿਲਖੀ ਥੱਲੇ ਬੈਠਾ ਹੋਇਆ ਹੈ।]

ਮਿਲਖੀ : ਸਰਦਾਰਾ...ਇਹ ਬੜੀ ਚਰਜ ਹੋਈ...ਸੂਰਜ ਸਾਲਾ ਪੁੱਠਾ ਚੜ੍ਹ ਗਿਆ...ਤੇਰੇ ਹੁੰਦਿਆਂ ਕੋਈ ਹੋਰ ਸਰਪੰਚ ਬਣ ਜਾਏ...ਯਕੀਨ ਨਹੀਂ ਆਉਂਦਾ।

ਨੰਬਰਦਾਰ : ਓਏ ਮਿਲਖੀ...ਯਕੀਨ ਮੈਨੂੰ ਵੀ ਨਹੀਂ ਆਉਂਦਾ...ਜ਼ਰੂਰ ਕੋਈ ਹੇਰਾ-ਫੇਰੀ ਹੋਈ ਏ।

ਮਿਲਖੀ : ਮਖਿਆ ਹੇਰਾ ਫੇਰੀ ਵਰਗੀ ਹੇਰਾ ਫੇਰੀ...ਉਹ ਜਿਹੜੇ ਚੋਣ ਕਰਵਾਉਣ ਅਫ਼ਸਰ ਆਏ...ਉਨ੍ਹਾਂ ਦੀ ਚਾਹ ਪਾਣੀ ਦੀ ਸੇਵਾ ਤੂੰ ਕੀਤੀ...ਪਰ ਮਾਂ ਆਪਣੀ ਦੇ ਯਾਰ ਸਰਪੰਚ ਹੋਰ ਕਿਸੇ ਨੂੰ ਬਣਾ ਗਏ...ਹੋਰ ਤੇ ਹੋਰ ਲੋਕਾਂ ਦੀ ਵੇਖੋ...ਏਡੇ ਸਰਦਾਰਾਂ ਨੂੰ ਛੱਡ ਪਰਚੀ ਜਾ ਕਿਸੇ ਹੋਰ ਡੱਬੇ ਸੁੱਟੀ।

ਨੰਬਰਦਾਰ : ਇਹੋ ਤਾਂ ਮੈਂ ਸੋਚਦਾ ਕਿ ਲੋਕਾਂ ਦੀ ਬੁੱਧ ਨੂੰ ਕੀ ਹੋ ਗਿਆ ਏ। ਮੈਂ ਪਿੰਡ ਵਾਸਤੇ ਕੀ ਨਹੀਂ ਕੀਤਾ।

ਮਿਲਖੀ : ਸਭ ਕੁਝ ਕੀਤਾ...ਕੀ ਨਹੀਂ ਕੀਤਾ ?

ਨੰਬਰਦਾਰ : ਪਿੱਛੇ ਜਦੋਂ ਮੁੰਡਿਆਂ ਦਾ ਰੌਲਾ ਹੋਇਆ...ਥਾਣਾ ਪਿੰਡ ਆ ਬੈਠਾ ਮੈਂ ਉਠਾਇਆ।

ਮਿਲਖੀ : ਉਠਾਇਆ...ਜ਼ਰੂਰ ਉਠਾਇਆ...ਜੇ ਥੋੜਾ ਚਿਰ ਹੋਰ ਬੈਠਾ ਰਹਿੰਦਾ ਪਿੰਡ 'ਚ ਇਕ ਕੁੱਕੜ ਨਹੀਂ ਸੀ ਰਹਿਣਾ...ਸਾਲੇ ਮੇਰੇ ਜਦੋਂ ਜੀਅ ਆਏ ਧੌਣ ਮਰੋੜ ਲੈਂਦੇ ਸੀ...ਲੋਕੀ ਕਹਿੰਦੇ ਸੀ—ਨੰਬਰਦਾਰ ਨੇ ਆਪ ਹੀ ਬਿਠਾਇਆ ਸੀ...ਬਿਠਾਇਆ ਤਾਂ ਕੀ ਹੋਇਆ ? ਉਠਾਇਆ ਵੀ ਤਾਂ ਤੂੰ ਹੀ ਸੀ...ਇਹ ਕੋਈ ਥੋੜੀ ਗੱਲ ਏ ?

ਨੰਬਰਦਾਰ : ਓਏ ਮਿਲਖੀ...ਲੋਕੀ ਸਮਝਣ ਤਾਂ ਹੀ ਏ।

ਮਿਲਖੀ : ਲੋਕਾਂ ਸਹੁਰਿਆਂ ਕਿਥੇ ਸਮਝਣਾ ਏਂ...ਪਰ ਇਕ ਗੱਲ ਏ ਸਰਦਾਰਾ, ਬੁਰਾ ਨਾ ਮੰਨੀ...ਇਹ ਤੇਰਾ ਜਿਹੜਾ ਪੁੱਤ ਏ ਨਾ...ਆਪਣਾ ਨਿੱਕਾ ਸਰਦਾਰ ਚੂਹੜ ਸਿਓਂ...ਇਹਦੇ ਚਾਲੇ ਚੰਗੇ ਨਹੀਂ...ਤੇ ਉਹ ਵੈਲੀਆਂ ਦੀ ਮੰਡਲੀ ਜਿਹੜੀ ਉਹਦੇ ਨਾਲ ਏ...ਲੋਕੀ ਚੰਗਾ ਨਹੀਂ ਸਮਝਦੇ... ਇਸ ਕਰਕੇ ਕਹਿੰਦੇ ਸੀ—ਨੰਬਰਦਾਰ ਨੂੰ ਐਤਕੀਂ ਪਰਚੀ ਨਹੀਂ ਪਾਉਣੀ।

ਨੰਬਰਦਾਰ : ਪਿੰਡ ਤਾਂ ਊਂ ਈ ਸੜਦਾ ਏ ਕਿ ਕੋਈ ਚੰਗੀ ਰੋਟੀ ਕਿਉਂ ਖਾਂਦਾ ਏ।

ਮਿਲਖੀ : ਸੜਦਾ ਏ...ਸਰਦਾਰਾ ਸੜਦਾ ਏ।

ਨੰਬਰਦਾਰ : ਬਾਕੀ ਮਿਲਖੀ...ਜਵਾਨੀ ਵੇਲੇ ਗ਼ਲਤੀ ਕੌਣ ਨਹੀਂ ਕਰਦਾ।

ਮਿਲਖੀ : ਹਾਹੋ ਸਰਦਾਰਾ...ਕੌਣ ਨਹੀਂ ਕਰਦਾ...ਤੂੰ ਵੀ ਕਰਦਾ ਸੀ, ਉਹ ਵੀ ਕਰਦਾ ਏ...ਪਰ ਇਕ ਗੱਲ ਸਰਦਾਰਾ ਸਮਝ ਨਹੀਂ ਆਉਂਦੀ...ਇਹ ਗ਼ਲਤੀ ਹੁੰਦੀ ਹਮੇਸ਼ਾ ਗ਼ਰੀਬ ਸ਼ੁਹਦਿਆਂ ਦੀਆਂ ਕੁੜੀਆਂ 'ਤੇ ਹੀ ਏ ?

ਨੰਬਰਦਾਰ : ਗ਼ਰੀਬ ਸ਼ੁਹਦਿਆਂ ਦੀਆਂ ਕੁੜੀਆਂ 'ਤੇ ?

ਮਿਲਖੀ : ਹਾਹੋ...ਜੇਕਰ ਗ਼ਰੀਬ ਕਿਸੇ ਦਾ ਮੁੰਡਾ ਵੱਡਿਆਂ ਦੀ ਕੁੜੀ ਨਾਲ ਗ਼ਲਤੀ ਕਰ ਜਾਏ...ਉਸ ਵੇਲੇ ਤਾਂ ਸਾਰਾ ਥਾਣਾ ਟੁੱਟ ਕੇ ਆ ਪੈਂਦਾ ਏ...ਇਹ ਥਾਣਾ ਵੀ ਵੱਡਿਆਂ ਦਾ ਹੀ ਯਾਰ ਏ।

ਨੰਬਰਦਾਰ : ਅੱਜ ਤਾਂ ਬੜੀਆਂ ਮਾਅਰਕੇ ਦੀਆਂ ਪਿਆ ਕਰਦਾ ਏਂ।

ਮਿਲਖੀ : ਲੈ ਮੈਂ ਕਹਿਣ ਜੋਗਾ ਹਾਂ ਕਿਥੇ...ਮੈਂ ਤਾਂ ਗੱਲ ਪਿਆ ਕਰਦਾ ਹਾਂ... ਵੱਡਾ ਕੋਈ ਜੇਕਰ ਗਰੀਬ ਦੀ ਪੱਤ ਲੁੱਟ ਲਏ ਤਾਂ ਗ਼ਲਤੀ...ਜੇ ਨਿੱਕਾ ਕੋਈ ਗ਼ਲਤੀ ਕਰ ਦੇਵੇ ਤਾਂ ਉਹ ਸਾਲਾ ਜੁਰਮ ਹੋ ਜਾਂਦਾ ਏ।

ਨੰਬਰਦਾਰ : ਪਰ ਗੱਲ ਕੀ ਹੋਈ ਏ ?

ਮਿਲਖੀ : ਲੈ ਮੈਂ ਸਰਦਾਰਾ...ਗੱਲ ਕਰਨ ਜੋਗਾ ਕਿਥੇ...ਗੱਲ ਜੋ ਹੈ ਉਹਦਾ ਤਾਂ ਤੈਨੂੰ ਪਤਾ ਏ।

ਨੰਬਰਦਾਰਾ : ਓਏ ਸਾਲਿਆ...ਕਿਉਂ ਬਾਤਾਂ ਪਾਉਨਾ ਏਂ।

ਮਿਲਖੀ : ਲੈ ਅਸੀਂ ਬਾਤ ਪਾਉਣ ਜੋਗੇ ਕਿੱਥੇ...ਬਾਤ ਤਾਂ ਪਾਉਂਦੇ ਨੇ ਮਰਾਸੀ ਭੰਡ...ਅਸੀਂ ਤਾਂ ਪੱਧਰੀ ਕਰਨ ਵਾਲੇ।

ਨੰਬਰਦਾਰ : ਪਰ ਕੁਝ ਬਕ ਵੀ।

ਮਿਲਖੀ : ਗਰੀਬਾਂ ਦੀ ਵੀ ਇੱਜ਼ਤ ਹੁੰਦੀ ਏ...ਕੀ ਕਹਿੰਨਾ ਏਂ...ਹੁੰਦੀ ਏ ਕਿ ਨਹੀਂ ਸਰਦਾਰਾ ?

ਨੰਬਰਦਾਰ : ਹਾਹੋ।

ਮਿਲਖੀ : ਪਹਿਲੇ ਮੁੰਡੇ ਤੇਰੇ ਨੇ ਆਪਣੀ ਜਨਕੋ ਦੀ ਇੱਜ਼ਤ ਨੂੰ ਹੱਥ ਪਾਇਆ।

ਨੰਬਰਦਾਰ : ਜਨਕੋ...ਤੇਰੀ ਕੁੜੀ ?

ਮਿਲਖੀ : ਹੋਰ ਕੀ...ਮੁੰਡੇ ਨੇ ਕਰਜ਼ਾ ਚੁੱਕ ਕੇ ਖੁਰਲੀ ਖਲੋਤੇ ਖੋਤੇ ਵੇਚ ਕੇ ਭੈਣ ਦੇ ਹੱਥ ਜਲਦੀ ਤੋਂ ਜਲਦੀ ਪੀਲੇ ਕੀਤੇ...ਤੇ ਹੁਣ ਮਿੰਦੋ ਬਾਰੇ ਅਵਾ-ਤਵਾ ਬੋਲਦਾ ਏ...ਬਾਈ ਇਹ ਗੱਲ ਆਪਾਂ ਨੂੰ ਨਹੀਂ ਚੰਗੀ ਲੱਗੀ।

ਨੰਬਰਦਾਰ : ਓਏ ਬਾਜ਼ੀਗਰਾਂ ਦੀ ਮਿੰਦੋ ਤੇਰੇ ਰਾਮੇ ਦੀ ਕੀ ਲਗਦੀ ਏ ?

ਮਿਲਖੀ : ਸਭ ਕੁਝ ਲਗਦੀ ਏ ਜੀ...ਗਰੀਬਾਂ ਦੀ ਵੀ ਆਪਣੀ ਬਰਾਦਰੀ ਹੁੰਦੀ ਏ।

ਨੰਬਰਦਾਰ : ਉਹ ਤਾਂ ਮਿਲਖੀ ਊਂ ਈ ਲੁੱਚੀ ਏ...ਰਾਹ ਜਾਂਦਿਆਂ ਨਾਲ ਖਹਿਬੜਦੀ ਏ।

ਮਿਲਖੀ : ਨਹੀਂ ਸਰਦਾਰਾ...ਗੱਲ ਇਉਂ ਨਹੀਂ...ਰਾਹ ਜਾਂਦੇ ਲੁੱਚੇ ਸਗੋਂ ਉਹਦੇ ਨਾਲ ਖਹਿਬੜਦੇ ਨੇ...ਬਸ ਗੱਲਾਂ ਵਿਚੋਂ ਇਹ ਗੱਲ ਏ।

ਨੰਬਰਦਾਰ : ਓਏ ਖਚਰਾ...ਨਾਲੇ ਭਿਉਂ-ਭਿਉਂ ਕੇ ਮਾਰੀ ਜਾਨਾ ਏਂ...ਨਾਲੇ ਕਹਿੰਨਾ ਏਂ ਗੱਲਾਂ ਵਿਚੋਂ ਇਹ ਗੱਲ ਏ।

ਮਿਲਖੀ : ਲੈ ਜੇ ਮੈਂ ਤੇਰੇ ਇਕ ਮਾਰੀ...ਮੇਰੇ ਦਸ ਮਾਰ ਲੈ...ਪਰ ਮੈਂ ਗੱਲ ਕੀਤੀ ਏ...ਪਿੰਡ ਵਾਲਿਆਂ ਤਾਂ ਹੀ ਪਰਚੀ ਨਹੀਂ ਪਾਈ।

ਨੰਬਰਦਾਰ : ਪਿੰਡ ਵਾਲਿਆਂ ਨਾਲ ਤਾਂ ਮੈਂ ਨਿਬੜ ਲੂੰ।

ਮਿਲਖੀ : ਹਾਹੋ ਕੇ...ਨਿਬੜਨਾ ਹੀ ਚਾਹੀਦਾ ਏ...ਸਾਡੀ ਤਾਂ ਸਰਦਾਰਾ ਤੇਰੇ ਬਿਨਾਂ ਗਤੀ ਨਹੀਂ...ਇਕ ਚੂੰਢੀ ਕੁ ਹੈ ਤਾਂ ਸਰਦਾਰਾ ਦੇ ਦੇ...ਹੱਡ ਪੈਰ ਹੀ ਸਹੁਰੀ ਦੇ ਟੁੱਟਦੇ ਜਾਂਦੇ ਨੇ।

ਨੰਬਰਦਾਰ : ਤੇਰੇ ਹੱਡ ਪੈਰ ਤਾਂ ਚੰਗੀ ਤਰ੍ਹਾਂ ਜੋੜ ਦੂੰ...ਬਸ ਮੇਰਾ ਇਕ ਕੰਮ ਕਰ ਦੇ...ਤੇਰੀਆਂ ਐਸ਼ਾਂ ਬਹਾਰਾਂ।

ਮਿਲਖੀ : ਤੂੰ ਇਕ ਛੱਡ ਕੇ ਸੌ ਆਖ...ਪਰ ਪਹਿਲਾਂ ਇਕ ਚੂੰਡੀ ਕੁ ਹੱਥ 'ਤੇ ਰੱਖ...(ਨੰਬਰਦਾਰ ਕੋਲੋਂ ਨਸਵਾਰ ਲੈ ਕੇ) ਹਾਂ ਤੇ ਹੁਣ ਗੱਲ ਕਰ।

ਨੰਬਰਦਾਰ : ਕਿਸ਼ਨ ਸਿੰਘ ਤੇ ਤੁਹਾਡੇ ਘਰ ਆਉਂਦਾ ਜਾਂਦਾ ਹੀ ਹੋਣਾ ਏਂ।

ਮਿਲਖੀ : ਲੈ ਖਾ ਆਪਣੇ ਰਾਮੇ ਦਾ ਉਸਤਾਦ ਏ...ਕਦੀ ਰਾਮਾ ਉਹਦੇ ਘਰ ਤੇ ਕਦੀ ਉਹ ਸਾਡੇ ਘਰ।

ਨੰਬਰਦਾਰ : ਬਸ ਫੇਰ ਤਾਂ ਗੱਲ ਬਣ ਗਈ।

ਮਿਲਖੀ : ਬਣ ਗਈ...ਕਾਹਦੀ ਬਣ ਗਈ।

ਨੰਬਰਦਾਰ : ਇਹੋ ਕਿ ਫੀਮ ਦਾ ਇਕ ਕਿਲੋ ਉਹਦੇ ਘਰ ਰੱਖਣਾ ਏਂ।

ਮਿਲਖੀ : ਉਹਦੇ ਘਰ ਕਿਉਂ ਰੱਖਣਾ ਏਂ...ਸਰਦਾਰਾ ਆਪਣੇ ਘਰ ਰੱਖ ਖਾਂ...ਸਾਰੀ

ਉਮਰ ਤੇਰੇ ਸੋਹਲੇ ਗਾਵਾਂ।

ਨੰਬਰਦਾਰ : ਉਏ ਕੰਜਰਾ ਤੂੰ ਇਕ ਛੱਡ ਕੇ ਪੰਜ ਰੱਖ ਲਵੀਂ...ਪਰ ਇਹ ਇਕ ਉਹਦੇ ਕਿਸੇ ਤਰ੍ਹਾਂ ਰੱਖ ਦੇਈਂ...ਬਾਕੀ ਮੈਂ ਦੇਖ ਲੂੰ।

ਮਿਲਖੀ : ਬਾਕੀ ਤੂੰ ਦੇਖ ਲੈ...ਹਲਾ ਹਲਾ ਮੈਂ ਸਮਝ ਗਿਆ।

ਨੰਬਰਦਾਰ : ਕੀ ਸਮਝ ਗਿਆ ?

ਮਿਲਖੀ : ਜੋ ਤੂੰ ਸਮਝਾਇਆ ਏ ਸਰਦਾਰਾ...ਫੀਮ ਮੈਂ ਰੱਖੂੰਗਾ ਤੇ ਫੇਰ ਛਾਪਾ ਤੂੰ ਮਰਵਾ ਦੇਵੇਂਗਾ।

ਨੰਬਰਦਾਰ : ਓਏ ਕੰਜਰਾ ਬੜਾ ਸਿਆਣਾ ਹੋ ਗਿਆ ਏਂ।

ਮਿਲਖੀ : ਸਾਰੇ ਕਵਾੜ ਖੁੱਲ੍ਹ ਗਏ ਕਿ...।

ਨੰਬਰਦਾਰ : ਫੇਰ ?

ਮਿਲਖੀ : ਲੈ ਤੇਰਾ ਕੰਮ ਨਹੀਂ ਕਰਨਾ ਤਾਂ ਹੋਰ ਕੀਹਦਾ ਕਰਨਾ ਏ...ਪਰ ਇਕ ਗੱਲ ਏ, ਆਪਣੀ ਘੁਮਿਆਰਣ ਨਾਲ ਪਹਿਲਾਂ ਮਸ਼ਵਰਾ ਕਰੂੰ।

ਨੰਬਰਦਾਰ : ਓਏ ਇਹੋ ਜਹੇ ਕੰਮ ਵਿਚ ਤੀਵੀਆਂ ਨਾਲ ਮਸ਼ਵਰੇ ਨਹੀਂ ਕਰੀ ਦੇ।

ਮਿਲਖੀ : ਨਾ ਸਰਦਾਰਾ...ਜ਼ਿੰਦਗੀ ਵਿਚ ਇਕੋ ਕੰਮ ਉਹਦੀ ਸਲਾਹ ਬਿਨਾਂ ਕੀਤਾ ਤੇ ਹੁਣ ਤਾਈਂ ਪਿੱਛੋਂ ਪਛਤਾਉਂਦਾ ਹਾਂ।

ਨੰਬਰਦਾਰ : ਓਏ ਕਿਹੜਾ ਕੰਮ ?

ਮਿਲਖੀ : ਉਹੀ ਤਸੀਲਦਾਰ ਵਾਲਾ।

ਨੰਬਰਦਾਰ : ਸਹੁਰਾ ਬੇਵਕੂਫ਼ ਕਿਸੇ ਥਾਂ ਦਾ...ਲੈ ਇਹ ਡੱਬੀ ਲੈ ਜਾ...ਜਿਹੜੇ ਬਾਕੀ ਦੇ ਬੰਦ ਕਿਵਾੜ ਨੇ ਉਹ ਵੀ ਖੋਲ੍ਹ ਲੈ ਤੇ ਬਸ ਸਾਝਰੇ ਆ ਜਾਈਂ...ਸਾਰੀ ਗੱਲ ਸਮਝਾ ਦਊਂ।

ਮਿਲਖੀ : ਹਲਾ ਹਲਾ ਸਾਰੀਓ ਹੀ ਡੱਬੀ...ਜੀਂਦਾ ਰਹੇ ਸਰਦਾਰ...ਇਹ ਪਿੰਡ ਵਾਲਿਆਂ ਦਾ ਕੱਖ ਨਾ ਰਹੇ...ਜੀਹਨੇ ਤੇਰੇ ਵਰਗੇ ਵੱਡੇ ਸਰਦਾਰ ਨੂੰ ਪੈਂਚ ਨਹੀਂ ਬਣਾਇਆ।

*(ਮਿਲਖੀ ਜਾਂਦਾ ਹੈ।)*

ਨੰਬਰਦਾਰ : ਇਹ ਘੁਮਿਆਰ ਵੀ ਹੁਣ ਪਰ ਕੱਢਣ ਲੱਗ ਪਿਆ ਏ...ਅਖੇ ਮੁੰਡੇ ਤੇਰੇ ਨੇ ਕੁੜੀ ਦੀ ਇੱਜ਼ਤ 'ਤੇ ਹੱਥ ਪਾਇਆ ਏ...ਤੋਲਾ ਫ਼ੀਮ 'ਤੇ ਵਿਕ ਜਾਣ ਵਾਲੇ ਟਕੇ-ਟਕੇ ਦੇ ਬੰਦੇ ਵੀ ਹੁਣ ਇੱਜ਼ਤਾਂ ਦੀ ਗੱਲ ਕਰਦੇ ਨੇ।

*(ਚੂਹੜ ਆਉਂਦਾ ਏ।)*

ਨੰਬਰਦਾਰ : ਉਏ ਤੈਨੂੰ ਕਿਹਾ ਸੀ ਮੁੰਡਿਆ ਨਵਾਂ ਥਾਣੇਦਾਰ ਆਇਆ ਏ...ਕਣਕ ਦੀਆਂ ਦੋ ਬੋਰੀਆਂ ਤੇ ਹੋਰ ਨਿੱਕ-ਸੁੱਕ ਪੁਚਾ ਆਵੀਂ ਉਹਦੇ।

ਚੂਹੜ : ਉਹ ਤੇ ਬਾਪੂ ਮੈਂ ਪੁਚਾ ਆਇਆ ਹਾਂ।

ਨੰਬਰਦਾਰ : ਹਲਾ...ਇਹ ਰਾਮੂ ਘੁਮਿਆਰਾਂ ਦੇ ਮੁੰਡੇ ਨਾਲ ਤੇਰਾ ਕੀ ਝਗੜਾ ਏ ?

ਚੂਹੜ : ਝਗੜਾ ਕਾਹਦੈ...ਉਹ ਕਿਸ਼ਨੀ ਦੇ ਚੁੱਕੇ ਚੁਕਾਏ ਪੂਛ ਚੁੱਕੀ ਫਿਰਦਾ ਏ।

ਨੰਬਰਦਾਰ : ਉਹਨੂੰ ਤਾਂ ਮੈਂ ਹੁਣ ਟੱਕਰੂੰ...ਸੀਖਾਂ ਅੰਦਰ ਨਾ ਕਰਵਾਇਆ ਤਾਂ ਕੀ ਯਾਦ ਕਰੇਗਾ...ਥਾਣੇਦਾਰ ਨਵਾਂ ਜਿਹੜਾ ਆਇਆ ਏ...ਆਪਣਾ ਬੇਲੀ ਏ।

ਚੂਹੜ : ਬਾਪੂ ਹੁਣ ਕੋਈ ਚਾਰਾ ਕਰਨਾ ਹੀ ਪੈਣਾ ਏ...ਉਹਨੇ ਬੜੀ ਅੱਤ ਚੁੱਕੀ ਹੋਈ ਏ...ਹੁਣ ਤਾਂ ਸਾਰਿਆਂ ਨੇ ਰਲ ਕੇ ਇਕ ਸਭਾ ਵੀ ਬਣਾ ਲਈ ਏ।

ਨੰਬਰਦਾਰ : ਉਨ੍ਹਾਂ ਸਭਾ ਬਣਾ ਲਈ ਏ ਤਾਂ ਕੀ ਹੋਇਆ...ਤੇਰੇ ਏਨੇ ਯਾਰ ਬੇਲੀ ਨੇ...ਤੁਸੀਂ ਵੀ ਸਭਾ 'ਚ ਜਾ ਵੜੋ।

ਚੂਹੜ : ਉਹ ਤਾਂ ਅਸੀਂ ਪ੍ਰੋਗਰਾਮ ਬਣਾਇਆ ਸੀ...ਪਰ ਕਿਸ਼ਨੀ ਬੜਾ ਚਲਾਕ ਏ ਬਾਪੂ...ਗੱਲ ਟਾਲ ਜਾਂਦਾ ਏ।

ਨੰਬਰਦਾਰ : ਤਾਂ ਤੁਸੀਂ ਜੱਟਾਂ ਦੇ ਮੁੰਡਿਆਂ ਨੂੰ ਚੁੱਕੋ ਕਿ ਐਸੀ ਸਭਾ ਕਿਉਂ ਬਣੇ... ਜੀਹਦੇ ਵਿਚ ਘੁਮਿਆਰ, ਮਜ਼ਹਬੀ...ਸਾਰੇ ਜੱਟਾਂ ਦੇ ਬਰਾਬਰ ਬੈਠਣ। ਪੁੱਤਰਾ ਤੈਨੂੰ ਰਾਜ਼ ਦੀ ਗੱਲ ਦੱਸਾਂ...ਲੋਕਾਂ ਵਿਚ ਪਾੜਾ ਪਾਉਣ ਵਾਸਤੇ ਜਾਤ ਪਾਤ ਦੇ ਵਿਤਕਰੇ ਨਾਲੋਂ ਵੱਡਾ ਹਥਿਆਰ ਕੋਈ ਨਹੀਂ। ਅੰਗਰੇਜ਼ ਸਹੁਰੀ ਦੇ ਐਵੇਂ ਤਾਂ ਨਹੀਂ ਸੌ ਸਾਲ ਰਾਜ ਕਰ ਗਏ ਇਥੇ...ਹਾਂ ਤੇ ਨਾਲੇ ਉਹ ਬਾਜ਼ੀਗਰਾਂ ਦੀ ਮਿੰਦੋ ਪਿੱਛੇ ਨਾ ਜਾਇਆ ਕਰ...ਐਵੇਂ ਚਰਚਾ ਹੁੰਦਾ ਏ।

ਚੂਹੜ : ਮੈਂ ਕੋਈ ਨਹੀਂ ਜਾਂਦਾ ਬਾਪੂ।

ਨੰਬਰਦਾਰ : ਹਲਾ...ਜੇ ਨਹੀਂ ਜਾਂਦਾ ਤਾਂ ਚੰਗਾ ਕਰਦੈਂ...ਬਾਜ਼ੀਗਰਾਂ ਨਾਲ ਅਸੀਂ ਵਿਗਾੜਨੀ ਨਹੀਂ...ਧੰਦੇ ਵਿਚ ਬੜੀ ਮਦਦ ਹੁੰਦੀ ਏ ਉਨ੍ਹਾਂ ਦੀ...ਹਾਂ ਤੇ ਯਾਦ ਆਇਆ ਘੀਲੇ ਨੂੰ ਸੁਨੇਹਾ ਭੇਜ ਦੇਵੀਂ...ਮਾਲ ਮੰਗਵਾਉਣਾ ਏ।

*(ਨੰਬਰਦਾਰ ਚਲਾ ਜਾਂਦਾ ਹੈ ਤੇ ਚੂਹੜ ਸਟੇਜ ਉੱਤੇ ਖਲੋਤਾ ਹੈ। ਰਾਮੂ ਜੀਹਦੇ ਹੱਥ ਵਿਚ ਰੇੜ੍ਹੇ ਵਾਲਾ ਛਾਂਟਾ ਹੈ, ਦੂਜੇ ਪਾਸੇ ਤੋਂ ਆਉਂਦਾ ਹੈ।)*

ਚੂਹੜ : ਓਏ ਰਾਮਿਆ...ਸੁਣਿਐ, ਹੁਣ ਭੱਠੇ ਤੋਂ ਇੱਟਾਂ ਢੋਂਦਾ ਏਂ।

ਰਾਮਾ : ਢੋਂਦਾ ਵਾਂ...ਤੈਨੂੰ ਕੋਈ ਇਤਰਾਜ਼ ਏ।

ਚੂਹੜ : ਮੈਨੂੰ ਤਾਂ ਕੋਈ ਇਤਰਾਜ਼ ਨਹੀਂ...ਇੱਟਾਂ ਜਿਦ੍ਹੀਆਂ ਮਰਜ਼ੀ ਢੋਂਦਾ ਰਹਿ...ਪਰ ਉਹ ਕਬੂਤਰੀ ਆਪਣਾ ਮਾਲ ਏ...ਉਹਦੇ 'ਤੇ ਹੱਥ ਨਾ ਪਾਈਂ।

ਰਾਮਾ : ਮਾਲ 'ਤੇ ਤੇਰੀ ਕਦ ਦੀ ਮੋਹਰ ਲੱਗੀ ਏ।

ਚੂਹੜ : ਬੜਾ ਆਕੜਦਾ ਏਂ।

ਰਾਮਾ : ਇਉਂ ਹੀ ਸਮਝ ਲੈ ਤੇ ਇਹ ਵੀ ਸੁਣ ਲੈ ਸਰਦਾਰਾ...ਮਿੰਦੋ ਆਪਣੀ ਮਰਜ਼ੀ ਨਾਲ ਮੇਰੇ ਰੇੜ੍ਹੇ 'ਤੇ ਚੜ੍ਹਦੀ ਏ ਤੇ ਮੈਂ ਵੀ ਆਪਣੀ ਮਰਜ਼ੀ ਨਾਲ ਚੜ੍ਹਾਉਂਦਾ ਹਾਂ...ਜਬਰਦਸਤੀ ਕੋਈ ਨਹੀਂ।

ਚੂਹੜ : ਉਏ ਸਾਲਿਆ ਘੁਮਿਆਰਾ...ਆਪਣੀ ਔਕਾਤ ਨੂੰ ਤਾਂ ਵੇਖ।

ਰਾਮਾ : ਮੈਂ ਤਾਂ ਵੇਖੀ ਹੋਈ ਏ...ਤੂੰ ਆਪਣੀ ਪਛਾਣ ਕੇ ਰੱਖ ਤੇ ਸੁਣ ਦੂਜਿਆਂ ਦੇ ਰਾਹ ਵਿਚ ਐਵੇਂ ਨਹੀਂ ਆਈਦਾ...ਉਹ ਆਉਂਦੀ ਪਈ ਆ ਮਿੰਦੋ... ਕੋਈ ਰੜਕ ਆ ਤਾਂ ਕੱਢ ਲੈ।

ਮਿੰਦੋ : ਕੀ ਆਂਹਦਾ ਏ ਸਰਦਾਰ ?

ਰਾਮਾ : ਕਹਿੰਦਾ ਏ ਕਿ ਮੇਰੇ ਰੇੜ੍ਹੇ ਤੋਂ ਕਿਉਂ ਬੈਠਦੀ ਏ ?

ਮਿੰਦੋ : ਕਿਉਂ ? ਇਹਨੂੰ ਕੀ ਸੂਲ ਚੁੱਭੀ ਏ।

ਰਾਮਾ : ਇਹਨੂੰ ਹੀ ਪੁੱਛ ਲੈ।

ਮਿੰਦੋ : ਕਿਉਂ ਸਰਦਾਰਾ...ਰੇੜ੍ਹਾ ਰਾਮੇ ਦਾ...ਬੈਠਣ ਵਾਲੀ ਮਾਂ, ਤੈਨੂੰ ਕੀ ਤਕਲੀਫ਼ ਆ...ਜੇ ਹੁੰਦੀ ਵੀ ਆ ਤੇ ਹੁੰਦੀ ਰਹੇ। ਹਾਂ, ਤੇਰੀ ਕਪਾਹ ਵਿਚ ਜਿਹੜਾ ਨਦੀਨ ਮੋਥਰਾ ਏ...ਉਹ ਵੀ ਇਕ ਦਿਨ ਪੱਟ ਲੂੰ।

ਚੂਹੜ : ਤੂੰ ਜਦੋਂ ਪੱਟੇਂਗੀ...ਮੈਂ ਦੇਖ ਲੂੰ।

ਮਿੰਦੋ : ਵੇਖ ਲਈਂ...ਅੱਗੇ ਹੀ ਜਿਹੜੇ ਰੜੇ ਮੈਦਾਨ ਪਏ ਨੇ...ਉਨ੍ਹਾਂ ਕੋਲੋਂ ਅਸਮਾਨ ਦੀ ਛੱਤ ਤਾਂ ਨਾ ਖੁੱਸ ਜਾਓ।

*(ਚੂਹੜ ਗੁੱਸੇ ਨਾਲ ਜ਼ਮੀਨ 'ਤੇ ਪੈਰ ਮਾਰਦਾ ਹੈ ਤੇ ਜਾਂਦਾ ਹੈ। ਮਿੰਦੋ ਉਹਦੀ ਨਕਲ ਲਗਾਉਂਦੀ ਹੈ ਤੇ ਦੂਜੇ ਪਾਸੇ ਵੱਲ ਤੁਰ ਪੈਂਦੀ ਹੈ।)*

ਰਾਮਾ : ਏਨੀ ਜਲਦੀ ਤੁਰ ਪਈ ਏਂ।

ਮਿੰਦੋ : ਹੋਰ ਤੇਰੇ ਮੁੱਢ ਬੈਠੀ ਰਵਾਂ।

ਰਾਮਾ : ਗੱਲ ਤਾਂ ਸੁਣ।

ਮਿੰਦੋ : ਬੀਬਾ...ਜਦੋਂ ਵਿਆਹ ਕੇ ਲੈ ਆਵੇਂਗਾ ਤਾਂ ਮੁੱਢ ਬਹਾ ਲਈਂ।

ਰਾਮਾ : ਨਹੀਂ...ਮੇਰਾ ਮਤਲਬ ਏ।

ਮਿੰਦੋ : (ਕੋਲ ਆ ਕੇ) ਕੀ ਮਤਲਬ ਏ ਤੇਰਾ...ਜਿਹੜਾ ਤੇਰਾ ਮਤਲਬ ਏ

ਸਾਫ਼-ਸਾਫ਼ ਦੱਸ ਲੈ...ਮੈਂ ਖੜ੍ਹੀ ਹਾਂ ਇਥੇ।

ਰਾਮਾ : ਤੂੰ ਤਾਂ ਨਰਾਜ਼ ਹੋ ਗਈ ਏਂ।

ਮਿੰਦੋ : ਨਰਾਜ਼ਗੀ ਵਾਲੀ ਗੱਲ ਤਾਂ ਹੋਈ...ਤੈਨੂੰ ਇਕ ਕੰਮ ਕਿਹਾ ਸੀ...ਉਹ ਵੀ ਨਾ ਤੇਰੇ ਤੋਂ ਹੋ ਸਕਿਆ।

ਰਾਮਾ : ਉਹ ਤੇਰੇ ਚਾਚੇ ਕੋਲ ਆਉਣ ਵਾਲਾ ?

ਮਿੰਦੋ : ਨਹੀਂ...ਮਾਮੇ ਕੋਲ ਆਉਣ ਵਾਲਾ...ਕਿੱਡਾ ਚਲਾਕ ਬਣਦਾ ਏ।

ਰਾਮਾ : ਉਹ ਤਾਂ ਮੈਂ ਆਉਣਾ ਸੀ...ਇਹ ਚੋਣਾਂ ਕਰਕੇ ਵਿਹਲ ਨਹੀਂ ਮਿਲੀ।

ਮਿੰਦੋ : (ਰੌਂ ਬਦਲ ਕੇ) ਲੈ ਰਾਮੂ...ਚੋਣਾਂ ਦਾ ਐਤਕੀਂ ਸਵਾਦ ਆ ਗਿਆ... ਲੰਬੜ ਦੀ ਚੰਗੀ ਖੁੰਭ ਠੱਪੀ...ਐਨ ਪੱਧਰਾ ਹੋ ਗਿਆ ਹੋਣਾ ਏਂ।

ਰਾਮਾ : ਲੰਬੜ ਦੀ ਖੁੰਭ ਅਸੀਂ ਠੱਪੀ ਤੇ ਚੂਹੜ ਦੀ ਤੂੰ।

ਮਿੰਦੋ : ਚੂਹੜ ਦੀ ਤਾਂ ਹਾਲੀ ਡ਼ੰਡ ਹੋਣ ਵਾਲੀ ਏ।

ਰਾਮਾ : ਝ਼ੰਡ ?

ਮਿੰਦੋ : ਜਦੋਂ ਢਿਬਰੀ ਐਸੀ ਲਗਾਉਣੀ ਹੋਵੇ ਕਿ ਉਹ ਕਦੇ ਨਾ ਖੁੱਲ੍ਹੇ ਤੇ ਨਾ ਹਿੱਲੇ ਤਾਂ ਹਥੌੜੇ ਮਾਰ ਕੇ ਉਹਦੀ ਝ਼ੰਡ ਕਰ ਦਿੱਤੀ ਜਾਂਦੀ ਏ... ਹੁਣ ਸਮਝਿਆ ਜਦੋਂ ਚੂਹੜ ਦੀ ਝ਼ੰਡ ਹੋਊ ਤਾਂ ਕੀ ਹੋਊ ?

ਰਾਮਾ : ਸਮਝ ਗਿਆ...ਬਾਬਾ ਸਮਝ ਗਿਆ।

ਮਿੰਦੋ : ਕੀ ?

ਰਾਮਾ : ਯਾਨੀ ਜਦੋਂ ਬੰਦੇ ਦੀ ਝ਼ੰਡ ਹੋ ਜਾਏ ਤਾਂ ਉਹ ਹਮੇਸ਼ਾ ਲਈ ਪੱਧਰਾ ਹੋ ਜਾਂਦਾ ਏ।

ਮਿੰਦੋ : ਬਿਲਕੁਲ ਠੀਕ।

ਰਾਮਾ : ਇਸ ਹਿਸਾਬ ਨਾਲ ਤਾਂ ਆਪਣੀ ਵੀ ਝ਼ੰਡ ਹੋ ਗਈ ਏ।

ਮਿੰਦੋ : ਕਿਵੇਂ ?

ਮਿੰਦੋ : ਬਸ ਗੱਲਾਂ ਬਣਾਉਣੀਆਂ ਹੀ ਆਉਂਦੀਆਂ ਨੇ...ਇਕ ਨਿੱਕਾ ਜਿਹਾ ਕੰਮ ਤੇ ਹੋਇਆ ਨਾ ਤੇਰੇ ਕੋਲੋਂ ?

ਰਾਮਾ : ਤੂੰ ਇਹਨੂੰ ਨਿੱਕਾ ਜਿਹਾ ਕੰਮ ਕਹਿੰਨੀ ਏਂ।

ਮਿੰਦੋ : ਹੋਰ ਕੀ ?

ਰਾਮਾ : ਮਿੰਦੋ ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਵਾਲ ਏ।

ਮਿੰਦੋ : ਰਾਮਿਆ ਇਕ ਗੱਲ ਆਖਾਂ...ਤੂੰ ਆਪਣੇ ਰੇੜ੍ਹੇ ਖੱਚਰ ਦੇ ਗਲ ਤੋਂ ਘੁੰਗਰੂ ਵੀ ਲਾਹ ਦੇ ਤੇ ਰੁਮਾਲ ਵੀ।

ਰਾਮਾ : ਕਿਉਂ ਤੈਨੂੰ ਨਹੀਂ ਚੰਗੇ ਲੱਗਦੇ।

ਮਿੰਦੋ : ਘੁੰਗਰੂ ਖੜਕਦੇ ਨੇ...ਡੇਰੇ ਦੀਆਂ ਕੁੜੀਆਂ ਠੱਠਾਂ ਕਰਦੀਆਂ ਨੇ।

ਰਾਮਾ : ਤੇ ਰੁਮਾਲ ਕਿਉਂ ਲਾਹ ਦੇਵਾਂ ?

ਮਿੰਦੋ : ਤਾਂ ਜੋ ਤੇਰੇ ਰੇੜ੍ਹੇ ਨੂੰ ਨਜ਼ਰ ਨਾ ਲੱਗ ਜਾਵੇ।

ਰਾਮਾ : ਮੈਂ ਅੱਜ ਹੀ ਟਰੱਕਾਂ ਵਾਲਿਆਂ ਵਾਂਗ ਰੇੜ੍ਹੇ ਪਿੱਛੇ ਇਕ ਫੱਟੀ ਲਿਖਵਾ ਕੇ ਲਾ ਦੇਨਾ ਹਾਂ—'ਬੁਰੀ ਨਜ਼ਰ ਸੇ ਦੇਖਨੇ ਵਾਲੇ ਤੇਰਾ ਮੂੰਹ ਕਾਲਾ'।

ਮਿੰਦੋ : ਬੁਰੀ ਨਜ਼ਰ ਨਾਲ ਇਕੋ ਮੋਇਆ ਚੂਹੜ ਹੀ ਵੇਖਦਾ ਏ...ਤੇਰੇ ਰੇੜ੍ਹੇ ਵੱਲ ਵੀ ਤੇ ਮੇਰੇ ਵੱਲ ਵੀ।

ਰਾਮਾ : ਫੇਰ ਤਾਂ ਦੋ ਫੱਟੀਆਂ ਬਣਵਾਣੀਆਂ ਪੈਣੀਆਂ ਨੇ।

ਮਿੰਦੋ : ਕਿਉਂ ?

ਰਾਮਾ : ਇਕ ਤੇਰੇ ਹੱਥ ਫੜਾ ਦੇਂਦੇ ਹਾਂ...ਚੂਹੜ ਜਦੋਂ ਵੇਖੇ ਤਾਂ ਉਹਦੇ ਅੱਗੇ ਕਰ ਦੇਈਂ।

ਮਿੰਦੋ : ਲੈ ਫੱਟੀ ਦੀ ਕੀ ਲੋੜ ਏ...ਮੈਂ ਤੇ ਉਹਦੇ ਉਂਜ ਹੀ ਫੱਟੇ ਚੁੱਕ ਦੇਵਾਂ।

* *

ਰਾਮਾ : ਤੂੰ ਮਾਂ ਚਾਹ ਧਰ ਦਿੱਤੀ ਏ।

ਸ਼ੀਲੋ : ਹਾਹੋ...ਪਰ ਅੱਜ ਸਵੱਖਤੇ ਹੀ ਤਿਆਰ ਹੋ ਪਿਆ ਏਂ।

ਰਾਮਾ : ਬਾਅਦ ਵਿਚ ਮਾਂ ਧੁੱਪ ਬਹੁਤ ਹੋ ਜਾਂਦੀ ਏ...ਮੈਂ ਦੋ ਫੇਰੇ ਦਿਨ ਚੜ੍ਹਦੇ ਤੋਂ ਪਹਿਲਾਂ ਲਾ ਲੈਣੇ ਨੇ...ਇਹ ਰੇੜ੍ਹੇ ਵਾਲਾ ਕੰਮ ਚੰਗਾ ਏ...ਮਾਂ ਮਿਹਨਤ ਘੱਟ ਤੇ ਪੈਸੇ ਬਹੁਤੇ।

ਸ਼ੀਲੋ : ਮੈਨੂੰ ਸਭ ਪਤਾ ਏ...ਹੁਣ ਤੂੰ ਸਾਝਰੇ ਕਿਉਂ ਜਾਨਾਂ ਏਂ...ਬਾਜ਼ੀਗਰਾਂ ਦੀ ਮਿੰਦੋ ਨੂੰ ਰੇੜ੍ਹੇ 'ਤੇ ਬਿਠਾ ਕੇ ਮੰਡੀ ਲਿਜਾਨਾ ਏ।

ਰਾਮਾ : ਪਰ ਮਾਂ...ਇਸ ਵਿਚ ਹਰਜ ਵੀ ਕੀ ਏ ?

ਸ਼ੀਲੋ : ਮੈਂ ਕਦੋਂ ਕਹਿੰਦੀ ਹਾਂ ਕਿ ਹਰਜ ਏ...ਮੈਨੂੰ ਤਾਂ ਉਹ ਚੰਗੀ ਓ ਹੀ ਬੜੀ ਲਗਦੀ ਏ...ਪਰ ਪੁੱਤਰਾ ਲੋਕਾਂ ਦੀਆਂ ਨਜ਼ਰਾਂ ਵਿਚ ਆ ਜਾਣਾ ਚੰਗਾ ਨਹੀਂ...ਉਂਜ ਤੂੰ ਆਖੇ ਮੈਂ ਤੇਰੇ ਬਾਪੂ ਨੂੰ ਉਸ ਦੇ ਚਾਚੇ ਕੋਲ ਭੇਜਾਂ।

ਰਾਮਾ : ਜਿਸ ਤਰ੍ਹਾਂ ਮਾਂ ਤੂੰ ਠੀਕ ਸਮਝੇਂ...ਕਰ ਲੈ।

ਸ਼ੀਲੋ : ਮੈਂ ਵੀ ਸੋਚਦੀ ਹਾਂ ਕਿ ਜਦੋਂ ਦੀ ਜਨਕੋ ਗਈ ਏ ਘਰ ਸੁੰਨਾ-ਸੁੰਨਾ ਰਹਿੰਦਾ ਏ...ਮਿੰਦੋ ਆਏ ਤਾਂ ਰੌਣਕ ਲੱਗ ਜਾਏ...ਜਨਕੋ ਦੀ ਥਾਂ ਉਹ ਲੈ ਲਵੇ...ਕਿਉਂ ਠੀਕ ਏ ਨਾ ?

ਰਾਮਾ : ਮਾਂ ਮੈਨੂੰ ਇਹ ਤਾਂ ਪਤਾ ਨਹੀਂ ਕਿ ਉਹ ਜਨਕੋ ਵਾਲੀ ਥਾਂ ਲਵੇਗੀ ਜਾਂ ਨਹੀਂ...ਪਰ ਇਕ ਗੱਲ ਏ, ਉਹ ਜਨਕੋ ਨਾਲੋਂ ਕਿਤੇ ਵੱਧ ਦਲੇਰ ਏ...ਇਕ ਵਾਰੀ ਤਾਂ ਉਹਨੇ ਚੂਹੜ ਵਾਲੇ ਵੱਟ ਕੱਢ ਦਿੱਤੇ ਨੇ।

ਸ਼ੀਲੋ : ਪੁੱਤਰਾ...ਇਹ ਨੰਬਰਦਾਰਾਂ ਦੇ ਟੱਬਰ ਨਾਲ ਅਦਾਵਤ ਚੰਗੀ ਨਹੀਂ... ਇਹ ਬੜੇ ਡਾਢੇ ਲੋਕ ਨੇ।

ਰਾਮਾ : ਡਾਢੇ ਹੋਣਗੇ ਆਪਣੇ ਘਰ...ਮੈਂ ਤਾਂ ਇਹ ਜਾਣਦਾ ਹਾਂ ਜੋ ਜਨਕੋ ਕੋਲੋਂ ਨਾ ਹੋਇਆ...ਉਹ ਮਿੰਦੋ ਨੇ ਕਰ ਵਿਖਾਇਆ।

ਸ਼ੀਲੋ : ਅੱਛਾ ਅੱਛਾ...ਕਰ ਵਿਖਾਇਆ ਹੋਵੇਗਾ...ਮੈਂ ਤਾਂ ਜਦੋਂ ਦਾ ਸੁਣਿਐ... ਮੈਨੂੰ ਤਾਂ ਡਰ ਖਾਈ ਜਾਂਦੈ...ਪੁੱਤਰਾ ਤੂੰ ਨਹੀਂ ਜਾਣਦਾ, ਇਹ ਲੋਕ ਬੜੇ ਭੈੜੇ ਹੁੰਦੇ ਨੇ।

ਰਾਮਾ : ਮਾਂ...ਨੰਬਰਦਾਰ ਵਾਲਾ ਡੰਗ ਤਾਂ ਅਸੀਂ ਚੋਣਾਂ ਵਿਚ ਕੱਢ ਦਿੱਤਾ ਏ...ਹੁਣ ਐਵੇਂ ਫੂੰਕਾਰੇ ਮਾਰੀ ਜਾਵੇ ਤਾਂ ਵੱਖਰੀ ਗੱਲ ਏ।

ਸ਼ੀਲੋ : ਸੱਪ ਮਰਦਾ ਮਰਦਾ ਵੀ ਡੰਗ ਮਾਰ ਜਾਂਦਾ ਏ ਪੁੱਤਰਾ...ਹਲਾ, ਤੂੰ ਰੇੜ੍ਹਾ ਜੋੜ ਆ...ਮੈਂ ਤੇਰੇ ਬਾਪੂ ਨੂੰ ਵੀ ਜਗਾਵਾਂ...ਫੇਰ ਉਹਦੇ ਵਾਸਤੇ ਚਾਹ ਵੱਖਰੀ ਰੱਖਣੀ ਪਵੇਗੀ।

*(ਰਾਮਾ ਜਾਂਦਾ ਹੈ। ਸ਼ੀਲੋ ਆਹਰ ਪਾਹਰ ਕਰਦੀ ਹੈ। ਮਿਲਖੀ ਦੂਜੇ ਪਾਸੇ ਪਾਸੇ ਤੋਂ ਅੱਖਾਂ ਮਲਦਾ ਆਉਂਦਾ ਹੈ।)*

ਸ਼ੀਲੋ : ਜਾਗ ਆ ਗਈ ਤੈਨੂੰ ?

ਮਿਲਖੀ : ਲੈ ਸਹੁਰੀਏ ਅਸੀਂ ਸੁੱਤੇ ਹੀ ਕਦੋਂ ਸਾਂ...ਨੀਂਦਾਂ ਤਾਂ ਗਈਆਂ ਕਿ...।

ਸ਼ੀਲੋ : ਹਾਹੋ...ਹੁਣ ਤੈਨੂੰ ਮਾਵੇ ਬਿਨਾਂ ਨੀਂਦ ਕਿਥੋਂ ਆਉਣੀ ਏ।

*(ਇਤਨੇ ਵਿਚ ਰੌਲੇ ਦੀ ਆਵਾਜ਼ ਬਾਹਰੋਂ ਆਉਂਦੀ ਹੈ। ਮਿਲਖੀ ਤੇ ਸ਼ੀਲੋ ਉਧਰ ਵੇਖਦੇ ਹਨ। ਰਾਮਾ ਗੁੱਸੇ ਵਿਚ ਅੰਦਰ ਦਾਖ਼ਲ ਹੁੰਦਾ ਹੈ।)*

ਰਾਮਾ : ਮਾਂ ਮੇਰੀ ਕੁਹਾੜੀ ਕਿਥੇ ?

ਸ਼ੀਲੋ : ਵੇ ਪੁੱਤ...ਕੀ ਗੱਲ ਹੋਈ ਏ ?

ਰਾਮਾ : (ਉੱਚੀ ਸਾਰੀ) ਮਾਂ...ਮੈਂ ਕਹਿੰਨਾ ਵਾਂ ਮੇਰੀ ਕੁਹਾੜੀ ਕਿਥੇ ਏ...ਅੱਜ ਕਿਸੇ ਦੀ ਮੌਤ ਮੇਰੇ ਹੱਥੋਂ ਹੋ ਜਾਣੀ ਏ।

ਮਿਲਖੀ : ਓਏ ਹੋਇਆ ਕੀ ?

ਸ਼ੀਲੋ : ਪੁੱਤ ਕੀ ਭਾਣਾ ਵਰਤ ਗਿਆ ਏ...ਹੁਣੇ ਤਾਂ ਚੰਗਾ ਭਲਾ ਗਿਆ ਸੀ।

ਰਾਮਾ : ਮਾਂ...ਰੇੜ੍ਹੇ ਦੇ ਟਾਇਰ ਰਾਤੀਂ ਕਿਸੇ ਨੇ ਵੱਢ ਦਿੱਤੇ ਨੇ।

ਸ਼ੀਲੋ : ਵੇ ਕੱਖ ਨਾ ਰਹੇ...ਇਹੋ ਜਹੇ ਜ਼ੁਲਮ ਕਰਨ ਵਾਲੇ ਦਾ।

ਰਾਮਾ : ਮਾਂ...ਮੈਨੂੰ ਪਤਾ ਏ, ਇਹ ਕਿਸ ਦਾ ਕਾਰਾ ਏ...ਚੂਹੜ ਕਮੀਨੇ ਨੇ ਆਪਣੀ ਹਾਰ ਦਾ ਬਦਲਾ ਮੇਰੇ ਰੇੜ੍ਹੇ ਕੋਲੋਂ ਲਿਆ ਏ...ਮੈਂ ਉਸ ਨੂੰ ਜੀਉਂਦਾ ਨਹੀਂ ਛੱਡਾਂਗਾ।

ਮਿਲਖੀ : ਮੈਂ ਤਾਂ ਇਸ ਸੌਹਰੀ ਦੇ ਨੂੰ ਬੜਾ ਵਰਜਿਆ ਕਿ ਵੱਡਿਆਂ ਨਾਲ

ਮੱਥਾ ਨਾ ਡਾਹ...ਹੁਣ ਇਹ ਕੁਹਾੜੀ ਚੁੱਕ ਕੇ ਕਿਧਰ ਤੁਰ ਪਿਆ ਏ...ਆਪਣਾ ਹੀ ਸਿਰ ਪੜਵਾਏਗਾ...ਉਏ ਦਾਤਾ ਬਖ਼ਸ਼ੀਂ ਓਏ।

ਸ਼ੀਲੋ : ਤੂੰ ਦਾਤੇ ਨੂੰ ਧਿਆਉਂਦਾ ਰਹੀਂ...ਇਹ ਨਹੀਂ ਕਿ ਉੱਠ ਕੇ ਮੁੰਡੇ ਨੂੰ ਰੋਕੇ।

ਮਿਲਖੀ : ਮੈਂ ਉਹਨੂੰ ਰੋਕ ਕੇ ਆਪਣਾ ਸਿਰ ਪੜਵਾਉਣਾ ਏ...ਜਦੋਂ ਦੀ ਉਹ ਬਾਜੀਗਰਨੀ ਇਹਦੇ ਰੇੜ੍ਹੇ 'ਤੇ ਬੈਠਣ ਲੱਗੀ ਏ..ਮੈਂ ਕਿਹਾ ਫਸਾਦ ਦੀ ਜੜ੍ਹ ਰੱਖੀ ਗਈ ?

ਸ਼ੀਲੋ : ਫਸਾਦ ਦੀ ਜੜ੍ਹ ਕਿਉਂ ਰੱਖੀ ਗਈ ?

ਮਿਲਖੀ : ਪੁੱਛਦੀ ਏਂ ਕਿਉਂ ਰੱਖੀ ਗਈ...ਤੀਵੀਂ ਹੁੰਦੀ ਈ ਫਸਾਦ ਦੀ ਜੜ੍ਹ।

ਸ਼ੀਲੋ : ਹਾਹੋ...ਤੂੰ ਤਾਂ ਸਾਰੀ ਉਮਰ ਤੀਵੀਂ ਬਿਨਾਂ ਹੀ ਕੱਟ ਲਈ।

ਮਿਲਖੀ : ਕੱਟ ਲੈਂਦਾ ਤਾਂ ਚੰਗਾ ਹੀ ਰਹਿੰਦਾ।

ਸ਼ੀਲੋ : ਜਦੋਂ ਸਾਹ ਸਤ ਨਾ ਰਹੇ ਤਾਂ ਇਵੇਂ ਹੀ ਕਹੀਦਾ ਏ।

ਮਿਲਖੀ : ਹੁਣ ਡਾਂਗ ਚੁੱਕ ਕੇ ਮੇਰੇ ਮਗਰ ਕਿਉਂ ਪੈ ਗਈ ਏਂ ?

ਸ਼ੀਲੋ : ਹੋਰ ਕਿਸੇ ਦੇ ਮਗਰ ਪਵਾਂ...ਤੂੰ ਕੁਝ ਨਹੀਂ ਕਰਨ ਜੋਗਾ ਤੇ ਨਾ ਸਹੀ...ਪਰ ਮੈਂ ਕਰੂੰ...ਮੈਂ ਸਾਰੀ ਪੰਚੈਤ ਕੱਠੀ ਕਰੂੰ...ਗਰੀਬ ਹਾਂ...ਇਹਦਾ ਇਹ ਮਤਲਬ ਤਾਂ ਨਹੀਂ ਕਿ ਸਾਡੇ ਮੂੰਹੋਂ ਕੋਈ ਰੋਟੀ ਹੀ ਖੋਹ ਲਵੇ।

ਮਿਲਖੀ : ਕਰ ਲੈ ਪੰਚੈਤ..ਪੰਚੈਤ ਨੰਬਰਦਾਰਾਂ ਦਾ ਕੀ ਵਿਗਾੜ ਲਏਗੀ...ਉੱਤੇ ਤਕ ਦੇ ਲੋਕ ਉਹਦੇ ਨਾਲ ਗੱਠੇ ਹੋਏ ਨੇ ਰਾਮੇ ਦੀ ਮਾਂ...ਇਹ ਪੁਸ਼ਤਾਂ ਦੀ ਤੁਰੀ ਆਉਂਦੀ ਏ...ਇਸ ਵਿਚ ਤੂੰ ਤੇ ਮੈਂ ਕੀ ਕਰ ਸਕਦੇ ਆਂ... ਓਏ ਦਾਤਾ ਬਖ਼ਸ਼ੀਂ...ਬਖ਼ਸ਼ੀਂ ਓਏ ਦਾਤਾ।

*(ਮਿੰਦੋ ਆਉਂਦੀ ਹੈ।)*

ਮਿੰਦੋ : ਚਾਚੀ...ਚਾਚੀ...ਇਹ ਰਾਮਾ ਕੁਹਾੜੀ ਚੁੱਕੀ ਕਿਧਰ ਗਿਆ ਏ ?

ਸ਼ੀਲੋ : ਧੀਏ...ਰਾਮੇ ਦੇ ਰੇੜ੍ਹੇ ਦਾ ਟੈਰ ਕੋਈ ਰਾਤੀਂ ਵੱਢ ਗਿਆ ਏ ?

ਮਿੰਦੋ : ਟੈਰ...?

ਸ਼ੀਲੋ : ਹਾਂ ਹੁਣੇ ਰੇੜ੍ਹਾ ਜੋਤਣ ਲੱਗਾ ਤਾਂ ਵੇਖਿਆ ਵੱਢਿਆ ਪਿਆ ਸੀ।

ਮਿੰਦੋ : ਚਾਚੀ...ਇਹ ਚੂਹੜ ਤੋਂ ਸਿਵਾ ਹੋਰ ਕਿਸੇ ਦਾ ਕੰਮ ਨਹੀਂ।

ਸ਼ੀਲੋ : ਤੈਨੂੰ ਕਿਸ ਤਰ੍ਹਾਂ ਪਤਾ ਏ ?

ਮਿੰਦੋ : ਉਹ ਰਾਹ ਲੰਘਦਿਆਂ ਰੇੜ੍ਹੇ ਦਾ ਮੇਹਣਾ ਦੇਂਦਾ ਸੀ...ਰਾਮੇ ਦਾ ਰੇੜ੍ਹਾ ਉਸ ਦੀਆਂ ਅੱਖਾਂ ਵਿਚ ਰੜਕਦਾ ਏ।

ਸ਼ੀਲੋ : ਰਾਮਾ ਕੁਹਾੜੀ ਚੁੱਕ ਕੇ ਉਧਰ ਹੀ ਗਿਆ ਏ।

ਮਿੰਦੋ : ਪਰ ਉਹ ਕੱਲਾ ਕਿਉਂ ਗਿਆ ਏ।

ਸ਼ੀਲੋ : ਗੁੱਸੇ ਵਿਚ ਕੁਹਾੜੀ ਚੁੱਕੀ ਗਿਆ ਏ...ਹੁਣ ਕੀ ਬਣੇਗਾ।

ਮਿੰਦੋ : ਚਾਚੀ ਤੂੰ ਫ਼ਿਕਰ ਨਾ ਕਰ...ਮੈਂ ਆਪਣੇ ਚਾਚੇ ਨੂੰ ਕਹਿੰਦੀ ਆਂ ਸਾਡੇ ਸਾਰੇ ਲੋਕ ਸਾਡੇ ਨਾਲ ਹਨ।

*(ਮਿੰਦੋ ਜਾਂਦੀ ਹੈ।)*

ਮਿਲਖੀ : ਹਾਂ ਚਾਚੇ ਨੂੰ ਕਹਿੰਦੀ ਏ...ਚਾਚਾ ਇਹਦਾ ਥਾਣੇਦਾਰ ਲੱਗਾ ਹੋਇਆ ਏ।

ਸ਼ੀਲੋ : ਹੁਣ ਕੁੜੀ 'ਤੇ ਕਿਉਂ ਗੁੱਸਾ ਕੱਢਦਾ ਏਂ।

ਮਿਲਖੀ : ਇਹ ਰਾਮੇ ਦੇ ਰੇੜ੍ਹੇ 'ਤੇ ਬੈਠੀ ਕਿਉਂ...ਜੇ ਘੁਮਿਆਰਾਂ ਦੇ ਰੇੜ੍ਹੇ 'ਤੇ ਕੁੜੀਆਂ ਬੈਠਣ ਲੱਗ ਜਾਣ ਤਾਂ ਨੰਬਰਦਾਰਾਂ ਨੂੰ ਤਾਂ ਆਪੇ ਰੜਕ ਹੋ ਜਾਂਦੀ ਹੋਈ।

*(ਕਿਸ਼ਨੀ ਰਾਮੇ ਨੂੰ ਜੱਫਾ ਪਾਈ ਅੰਦਰ ਲਿਆਉਂਦਾ ਹੈ ਤੇ ਮਿੰਦੋ ਵੀ ਨਾਲ ਹੈ।)*

ਰਾਮਾ : ਮੈਨੂੰ ਛੱਡ ਦੇ ਬਾਈ।

ਕਿਸ਼ਨੀ : ਉਏ ਰਾਮਿਆਂ ਪਾਗਲ ਹੋਇਆ ਏ।

ਰਾਮਾ : ਅੱਜ ਇਸ ਗੱਲ ਦਾ ਨਿਪਟਾਰਾ ਵੀ ਹੋ ਲੈਣ ਦੇ।

ਕਿਸ਼ਨੀ : ਤੂੰ ਕੱਲਾ ਨਿਪਟਾਰਾ ਕਰਨ ਵਾਲਾ ਕੌਣ ਏਂ ?

ਰਾਮਾ : ਫੇਰ ਕੌਣ ਕਰੇਗਾ।

ਮਿੰਦੋ : ਅਸੀਂ ਸਾਰੇ ਕਰਾਂਗੇ।

ਰਾਮਾ : ਅਸੀਂ ਕੌਣ ?

ਮਿੰਦੋ : ਪਿੰਡ ਦੇ ਸਾਰੇ ਲੋਕ...ਸਾਡੇ ਸਾਰੇ ਲੋਕ...।

ਕਿਸ਼ਨੀ : ਚੂਹੜ ਨੇ ਤੇਰੇ ਰੇੜ੍ਹੇ ਦੇ ਟੈਰ ਵੱਢ ਕੇ ਸਾਰੇ ਪਿੰਡ ਦੀ ਅਣਖ ਨੂੰ ਵੰਗਾਰਿਆ ਏ...ਪਿੰਡ ਸਾਰਾ ਇਕੱਠਾ ਹੋਏਗਾ ਤੇ ਇਸ ਗੱਲ ਦਾ ਫ਼ੈਸਲਾ ਹੋਏਗਾ।

ਸ਼ੀਲੋ : ਹਾਂ ਵੀਰਾ...ਇਸ ਗੱਲ ਦਾ ਫ਼ੈਸਲਾ ਹੋਣਾ ਹੀ ਚਾਹੀਦਾ ਹੈ ਕਿ ਗਰੀਬ ਨੂੰ ਵੀ ਜੀਣ ਦਾ ਹੱਕ ਹੈ ਕਿ ਨਹੀਂ ?

ਮਿਲਖੀ : ਓਏ ਵੱਡੇ ਮੁਨਸਫ਼ੋ...ਇਹ ਤਾਂ ਕੋਈ ਨਵੀਂ ਨਹੀਂ ਹੋਈ...ਇਹ ਤਾਂ ਸਦੀਆਂ ਤੋਂ ਤੁਰੀ ਆਈ ਏ...ਗਰੀਬ ਤੇ ਅਮੀਰ ਦੀ ਟੱਕਰ ਕਾਹਦੀ... ਗ਼ਰੀਬ ਨੂੰ ਝੁੱਕ ਕੇ ਹੀ ਰਹਿਣਾ ਚਾਹੀਦੈ।

ਸ਼ੀਲੋ : ਝੁੱਕਦੇ ਕਿਉਂ ਰਹਿਣਾ ਚਾਹੀਦਾ ਏ...ਜੇ ਤੂੰ ਆਪ ਲੜਨ ਜੋਗਾ ਨਹੀਂ ਤਾਂ ਇਹਦਾ ਮਤਲਬ ਤਾਂ ਨਹੀਂ ਕਿ ਕੋਈ ਹੋਰ ਵੀ ਨਾ ਲੜੇ।

ਮਿਲਖੀ : ਨਾ ਤੂੰ ਲੜਨ ਜੋਗੀ ਹੋ ਗਈ...ਵੱਡੀ ਰਾਣੀ ਕੀ ਝਾਂਸੀ...ਮੇਰੀ ਮੰਨੋ

ਤਾਂ ਗੱਲ ਸੁਲਾਹ ਸਫ਼ਾਈ ਵਿਚ ਮਿਟਾ ਲਵੋ।

ਰਾਮਾ : ਤਾਂ ਜੋ ਉਹ ਰੇੜ੍ਹੇ ਦਾ ਦੂਜਾ ਟੈਰ ਵੀ ਵੱਢ ਦੇਵੇ।

ਮਿਲਖੀ : ਓਏ ਨਹੀਂ ਵੱਢਦਾ...ਤੂੰ ਉਹਦੇ ਨਾਲ ਸੁਲਾਹ ਕਰ ਲੈ...ਤੇਰੇ ਟੈਰ ਦਾ ਮੁੱਲ ਤਾਰ ਦੇਵੇਗਾ...ਉਹਦੇ ਨਾਲ ਵੈਰ ਲੈਣਾ ਠੀਕ ਨਹੀਂ।

ਰਾਮਾ : ਮੁੱਲ ਤਾਂ ਹੁਣ ਅਸੀਂ ਹੋਰ ਤਰ੍ਹਾਂ ਵਸੂਲਾਂਗੇ।

*(ਬਾਹਰੋਂ ਨੰਬਰਦਾਰ ਤੇ ਚੂਹੜ ਦੀਆਂ ਚਾਂਗਰਾਂ ਦੀ ਆਵਾਜ਼ ਆਉਂਦੀ ਹੈ।)*

ਨਿਕਲ ਖਾਂ ਬਾਹਰ...
ਓਏ ਬੜੀਆਂ ਚਾਂਗਰਾ ਮਾਰਦਾ ਸੀ...
ਮਾਂ ਦੀ ਬੁੱਕਲ ਵਿਚ ਵੜ ਬੈਠਾਂ...
ਓਏ ਮਿਲਖੀ ਭੇਜ ਵੱਡੇ ਸੂਰਮੇ ਨੂੰ ਬਾਹਰ...
ਮਿੱਟੀ ਦੇ ਜੀਵਾਂ ਨੂੰ ਰੋਟੀ ਨਹੀਂ ਪਚੀ...
ਇਹ ਵੀ ਪਰ ਕੱਢਣ ਲੱਗ ਪਏ ਸੀ...
ਓਏ ਬਾਪੂ ਬਾਜੀਗਰਾਂ ਦੀ ਕੁੜੀ ਵੀ ਇਥੇ ਈ...
ਮੈਂ ਕਹਿੰਨਾ ਅੱਜ ਕੱਠਿਆਂ ਦੇ ਲਾਵਾਂ-ਫੇਰੇ ਕਰ ਦੇਈਏ...
ਹਾਂ...ਹਾਂ...

ਸ਼ੀਲੋ : ਹੁਣ ਕੀ ਹੋਵੇਗਾ ?

ਕਿਸ਼ਨੀ : ਚਾਚੀ...ਤੂੰ ਫ਼ਿਕਰ ਨਾ ਕਰ...ਮਿੰਦੋ ਤੂੰ ਪਿਛਲੇ ਪਾਸੇ ਤੋਂ ਜਾਹ ਆਪਣੇ ਡੇਰੇ...ਸਾਰਿਆਂ ਨੂੰ ਬੁਲਾ ਕੇ ਲਿਆ।

ਮਿੰਦੋ : ਚੰਗਾ ਬਾਈ...(ਜਾਂਦੀ ਹੈ)

ਕਿਸ਼ਨੀ : ਤੇ ਰਾਮਿਆ ਤੂੰ ਹੁਸ਼ਿਆਰ ਰਹੀਂ...ਮੈਂ ਤਾਂ ਚਾਹੁੰਦਾ ਸੀ ਕਿ ਹਾਲੇ ਲੜਾਈ ਨਾ ਲੜੀਏ।

ਰਾਮਾ : ਪਰ ਲੜੇ ਬਿਨਾਂ ਸਰਨਾ ਨਹੀਂ।

ਕਿਸ਼ਨੀ : ਹਾਂ ਰਾਮਿਆ...ਇਹ ਲੜਾਈ ਲੜਨੀ ਹੀ ਪੈਣੀ ਏਂ।

*(ਗੰਡਾਸਾ ਚੁੱਕਦਾ ਹੈ।)*

ਬਾਹਰੋਂ ਆਵਾਜ਼ : ਨਿਕਲ ਓਏ ਘੁਮਿਆਰਾ ਬਾਹਰ
ਅੱਜ ਤੇ ਮਿੱਟੀ ਦਾ ਮੁੱਲ ਵੀ ਪਾ ਦੇਈਏ

ਮਿਲਖੀ : ਓਏ ਨਿਕਲਦੇ ਆਂ...ਨਿਕਲਦੇ ਆਂ...ਵੱਡੇ ਕਾਹਲਿਓ...ਮਿੱਟੀ ਦਾ ਮੁੱਲ ਪਾਉਣਾ ਆਏ ਹੋ ਤਾਂ ਉਹ ਵੀ ਦੱਸ ਦੇਂਦਾ ਹਾਂ...(ਉਹ ਵੀ ਹੱਥ ਵਿਚ ਡਾਂਗ ਫੜ ਕੇ ਅਗਾਂਹ ਵਧਦਾ ਹੈ।)

*(ਪਿੱਛੋਂ ਗੀਤ ਦੀ ਆਵਾਜ਼ ਉਭਰਦੀ ਹੈ।)*

ਪੰਛੀ ਜਾਗਣ, ਪਰ ਫੈਲਾਉਣ
ਜਦ ਵੀ ਮਿੱਟੀ ਗੱਲ ਕਰੇ
ਚਿੜੀਆਂ ਬਾਜਾਂ ਨੂੰ ਹੱਥ ਪਾਉਣ
ਜਦ ਵੀ ਮਿੱਟੀ ਗੱਲ ਕਰੇ

*ਸਮਾਪਤ*